
ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥ (2)

# ਮਾਸਕ ਪੱਤਰ ਸੂਰਾ



www.AKJ.Org

# ਲੇਖ-ਸੂਚੀ


| ਨੰ: ਲੇਖ | ਪੰਨਾ | ਲੇਖਕ |
|---|---|---|
| ੧. ਸੰਪਾਦਕੀ | ੪ | ਸੰਪਾਦਕ |
| ੨. ਚੰਡੀਗੜ੍ਹ ਵਿਖੇ ਭਾਸ਼ਨ | ੭ | ਸੰਪਾਦਕ |
| ੩. ਪੂਰਾ ਗੁਰੂ ਤੇ ਅਧੂਰੇ ਗੁਰੂ | ੯ | ਭਾਈ ਸਾਹਿਬ ਰਣਧੀਰ ਸਿੰਘ ਜੀ |
| ੪. ਖਾਲਸਾ ਮੇਰੋ ਰੂਪ ਹੈ ਖਾਸ | ੧੪ | ਭਾਈ ਮਨਜੀਤ ਸਿੰਘ ਜੀ ਕੋਟਾ |
| ੫. ਗੁਰਸਿਖ ਮੀਤ | ੧੭ | ਗਿਆਨੀ ਦਲਜੀਤ ਸਿੰਘ 'ਕਮਲ' ਨਾਸਿਕ |
| ੬. ਵਿਸਾਖੀ ਦਾ ਪਾਵਨ ਪੁਰਬ | ੨੧ | ਬੇਦੀ ਹਰਪਾਲ ਸਿੰਘ ਜੀ ਪਟਿਆਲਾ |
| ੭. ਧੰਨਯ ਭਾਈ ਰਣਧੀਰ ਸਿੰਘ | ੨੭ | ਸ: ਅਮਰ ਸਿੰਘ ਦੋਸਾਂਝ |
| ੮. ਅਨਮੋਲ ਰਤਨ | ੨੯ | ਭਾ: ਮਨਮੋਹਨ ਸਿੰਘ ਜੀ ਪਟਨਾ |
| ੯. ਅੰਮ੍ਰਿਤ ਕਲਾ | ੩੧ | ਭਾ: ਜਗਤ ਸਿੰਘ ਜੀ 'ਜਗਤ' |
| ੧੦. ਪ੍ਰਸਿਧ ਗਦਰੀ ਨੇਤਾ ਸੰਤ ਰਣਧੀਰ ਸਿੰਘ ਜੀ | ੩੪ | ਸ੍ਰ ਪ੍ਰੀਤਮ ਸਿੰਘ ਜੀ M.A. |
| ੧੧. ਕੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ? | ੩੬ | ਇਕ ਇਤਹਾਸਕ ਖ਼ੋਜੀ ਦੀ ਕਲਮ ਤੋਂ |
| ੧੨. ਸ੍ਰੀ ਅਖੰਡ ਪਾਠ | ੩੯ | ਪ੍ਰੋ: ਗੁਰਮੁਖ ਸਿੰਘ ਜੀ ਸੰਗਰੂਰ |
| ੧੩. ਹਉਮੈ ਦੀਰਘ ਰੋਗ ਹੈ | ੪੦ | ਭਾਈ ਕਰਮ ਸਿੰਘ ਭੰਡਾਰੀ |
| ੧੪. ਸਚ ਬਿਨ ਭਵਜਲ ਜਾਏ ਨ ਤਰਿਆ | ੪੪ | ਸ੍ਰ: ਜਗਜੀਤ ਸਿੰਘ ਜੀ ਲੁਧਿਆਣਾ |
| ੧੫. ਧੰਨ ਗੁਰ ਨਾਨਕ | ੪੭ | ਸ੍ਰ: ਨਿਹਾਲ ਸਿੰਘ ਜੀ |
| ੧੬. ਐਡੀਟਰ ਦੀ ਡਾਕ | ੪੮ | ਸੰਪਾਦਕ |
| ੧੭. ਸਿੱਖਾਂ ਦਾ ਮਨ ਨੀਵਾਂ ਮਤ ਉਚੀ ਪਤ ਕਾ ਰਾਖਾ ਅਕਾਲ ਪੁਰਖ ਵਾਹਿਗੁਰੂ | ੫੦ | ਭਾ: ਦੇਵਾ ਸਿੰਘ 'ਕਿਰਤੀ' |


## ਪਾਠਕਾਂ ਪ੍ਰਤੀ ਜ਼ਰੂਰੀ ਸੂਚਨਾ

ਪਾਠਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਇਹ ਪਰਚਾ ਕੇਵਲ ਗੁਰਮਤਿ ਪ੍ਰਚਾਰ ਦੇ ਆਸ਼ੇ ਨੂੰ ਮੁਖ ਰਖ ਕੇ ਚਲਾਇਆ ਗਿਆ ਸੀ, ਇਸ ਪਰਚੇ ਦਾ ਮੁਖ ਨਿਸ਼ਾਨਾ ਤੱਤ-ਗੁਰਮਤਿ ਦਾ ਪ੍ਰਚਾਰ ਕਰਨਾ ਹੈ, ਇਸ ਲਈ ਇਸ ਵਿਚੋਂ ਕਿਸੇ ਨੂੰ ਕੋਈ ਜ਼ਾਤੀ ਲਾਭ ਨਹੀਂ ਹੈ, ਇਸਦਾ ਸਾਲਾਨਾ ਚੰਦਾ ਕੇਵਲ ਲਾਗਤ ਮਾਤਰ ਤੇ ਸਾਰੇ ਪੰਜਾਬੀ ਪਰਚਿਆਂ ਨਾਲੋਂ ਘਟ ਰਖਿਆ ਗਿਆ ਸੀ, ਹੁਣ ਅਤਿ ਦੀ ਮਹਿੰਗਾਈ ਹੋਣ ਕਾਰਨ ਤੇ ਡਾਕ ਖ਼ਰਚ ਵਧ ਜਾਣ ਕਰਕੇ ਮਜਬੂਰਨ ਅਪਰੈਲ 1969 ਤੋਂ 'ਸੂਰਾ' ਦਾ ਸਾਲਾਨ ਚੰਦਾ ਵਧਾ ਕੇ 7 ਰੁਪੈ ਕਰ ਦਿਤਾ ਹੈ, ਸਾਨੂੰ ਪੂਰਨ ਆਸ ਹੈ ਕਿ ਦੇਸ, ਪ੍ਰਦੇਸ ਵਿਚ ਬੈਠੇ ਵੀਰ ਸਾਨੂੰ ਇਸ ਮਜਬੂਰੀ ਕਾਰਨ ਖਿਮਾਂ ਕਰਨਗੇ, ਅਤੇ ਇਸ ਪਰਚੇ ਦੇ ਵਧ ਤੋਂ ਵਧ ਗਾਹਕ ਬਣਾ ਕੇ ਗੁਰਮਤਿ ਪ੍ਰਚਾਰ ਵਿਚ ਸਹਾਈ ਹੋਣਗੇ।

ਦੇਸ 7 ਰੁਪਏ   ਪ੍ਰਦੇਸ 12 ਰੁਪਏ   ਹਵਾਈ ਜਹਾਜ਼ ਰਾਹੀਂ 36 ਰੁਪਏ   ਇਕ ਕਾਪੀ 70   (ਸੰਪਾਦਕ)

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


੧ੴ ਵਾਹਿਗੁਰੂਜੀ ਕੀ ਫਤਹਿ॥

# ਸੂਰਾ

## ਪਟਿਆਲਾ

ਮਾਸਕ ਪੱਤਰ

## ਗੁਰਮਤਿ ਪ੍ਰਚਾਰਕ ਮਾਸਕ ਪੱਤਰ

'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4–(ਅ. ਪ:) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ ਹੈ।


ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥
ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥
ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥
ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥
ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥
ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥
ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥
ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥


ਜਿਲਦ ਨੰ: ੪ ਚੇਤਿ—ਵਸਾਖ ੫੦੦ ਨਾਨਕ ਸ਼ਾਹੀ ਅੰਕ ਨੰ: ੩

ਮੁਖ ਸੰਪਾਦਕ : ਪਿਆਰਾ ਸਿੰਘ

## ਸੂਰਾ ਅੰਕ–ਅਪਰੈਲ ੧੯੬੯

ਆਨਰੇਰੀ ਸੰਪਾਦਕ : ਮਨੋਹਰ ਸਿੰਘ

ਸੂਰਾ ਪ੍ਰਿੰਟਿੰਗ ਪ੍ਰੈਸ, ਰਾਘੋਮਾਜਰਾ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ, ਪਟਿਆਲਾ ਲਈ ਮਨੋਹਰ ਸਿੰਘ ਐਡੀਟਰ, ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫਤਰ "ਸੂਰਾ" ਰਾਘੋਮਾਜਰਾ, ਪਟਿਆਲਾ ਤੋਂ ੫ ਅਪ੍ਰੈਲ ੧੯੬੯ ਨੂੰ ਪ੍ਰਕਾਸ਼ਿਤ ਕੀਤਾ।



www.AKJ.Org




# ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ
ਦੇ
# ਪੰਜ ਸੌ ਸਾਲਾ
# ਪ੍ਰਕਾਸ਼ ਉਤਸ਼ਵ
ਸੰਬੰਧੀ
# ਇਕ ਜ਼ਰੂਰੀ ਬੇਨਤੀ

ਅਜ ਤੋਂ ਪੰਜ ਸੌ ਸਾਲ ਪਹਿਲੇ ਜਦ ਸ੍ਰੀ ਗੁਰੂ ਨਾਨਕ ਪ੍ਰਕਾਸ਼ ਹੋਇਆ ਤਾਂ ਉਦੋਂ ਭਾਰਤ ਤ ਹੀ ਨਹੀਂ, ਸਾਰੀ ਸ੍ਰਿਸ਼ਟੀ ਤੇ ਹੀ ਅਧਰਮ ਤੇ ਜ਼ੁਲਮ ਦਾ ਦੌਰ ਦੌਰਾ ਸੀ। ਗੁਰੂ ਨਾਨਕ ਸਾਰੀ ਸ੍ਰਿਸ਼ਟੀ ਨੂੰ ਸਾਂਝੀਵਾਲਤਾ-ਏਕ ਪਿਤਾ ਏਕਸ ਕੇ ਹਮ ਬਾਰਕ ਅਤੇ ਪ੍ਰੇਮਾ ਭਗਤੀ-ਸੇਵਾ-ਸਿਮਰਣ- ਦਾ ਸੁਨੇਹਾ ਦੇਣ ਲਈ ਪ੍ਰਗਟੇ। ਕਿਸੇ ਖਾਸ ਸੂਬੇ, ਦੇਸ਼ ਜਾਂ ਕੌਮ ਤਕ ਹੀ ਉਨ੍ਹਾਂ ਦਾ ਪ੍ਰਚਾਰ ਸੀਮਤ ਨਹੀਂ ਸੀ। ਉਨ੍ਹਾਂ ਅਕਾਲ ਪੁਰਖ ਦਾ ਅਕਾਲੀ ਸੁਨੇਹਾ ਸਾਰੀ ਦੁਨੀਆਂ ਤੇ ਪੁਚਾਉਣ ਲਈ ਸਾਰੀ ਸ੍ਰਿਸ਼ਟੀ ਦਾ ਰਟਨ ਕੀਤਾ। ਸਾਰੇ ਭਾਰਤ ਚੀਨ ਰੂਸ ਈਰਾਨ ਅਰਬ ਆਦਿ ਦੇਸ਼ਾਂ ਦੀਆਂ ਪ੍ਰਚਾਰ ਫੇਰੀਆਂ ਤਾਂ ਇਤਿਹਾਸਕ ਰੂਪ ਵਿਚ ਪ੍ਰਗਟ ਹੀ ਹਨ ਪਰ ਇਹ ਅਟੱਲ ਸਚਾਈ ਹੈ ਕਿ ਗੁਰੂ ਨਾਨਕ ਸਾਰੀ ਸ੍ਰਿਸ਼ਟੀ ਦੇ ਉਧਾਰ ਲਈ ਆਏ। ਬਗਦਾਦ ਵਿਖੇ ਮੌਲਵੀ ਦੇ ਪੁਤਰ ਨੂੰ ਜਦ 'ਲਖ ਆਗਾਸਾ ਆਗਾਸ' ਦਿਖਾਏ ਤਾਂ ਉਥੇ ਵੀ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਸਤਿਸੰਗ ਕਰ ਰਹੀਆਂ ਉਸ ਲੜਕੇ ਨੇ ਦੇਖੀਆਂ ਤੇ ਕੜਾਹ ਪ੍ਰਸ਼ਾਦਿ ਨਿਸ਼ਾਨੀ ਵਜੋਂ ਨਾਲ ਲਿਆਂਦਾ ਕਿ ਗੁਰੂ ਨਾਨਕ ਅਵਤਾਰ ਨਾ ਸਿਰਫ ਇਸ ਸ੍ਰਿਸ਼ਟੀ ਦੇ ਉਧਾਰ ਲਈ ਹੀ ਹੋਇਆ ਹੈ ਬਲਕਿ ਹੋਰ ਧਰਤੀਆ-ਅਕਾਸ ਪਤਾਲ ਵਿਚ-ਜਿਨੀ ਵੀ ਕਾਦਰ ਦੀ ਕੁਦਰਤ ਹੈ, ਜਿਥੇ ਕਿਥੇ ਵੀ ਮਨੁੱਖੀ ਹੋਂਦ ਹੈ-ਸਭ ਦਾ ਉਧਾਰ ਗੁਰੂ ਨਾਨਕ ਜੀ ਦੇ ਜ਼ਿਮੇ ਹੀ ਅਕਾਲ ਪੁਰਖ ਨੇ ਲਾਇਆ ਹੋਇਆ ਹੈ ਇਸੇ ਲਈ ਭਾਈ ਗੁਰਦਾਸ ਜੀ ਨੇ ਲਿਖਿਆ ਹੈ—

'ਚੜ੍ਹਿਆ ਸੋਧਨ ਧਰਤ ਲੁਕਾਈ'

ਗੁਰੂ ਨਾਨਕ ਸਾਰੀ ਲੋਕਾਈ ਦੇ ਉਧਾਰ ਲਈ ਉਦਾਸੀਆਂ ਤੇ ਗਏ ਅਤੇ ਹੁਣ ਪਤਾ ਨਹੀਂ ਕੇਹੜੀ ਧਰਤੀ ਤੇ ਇਸੇ ਕਾਰਜ ਲਈ ਵਿਚਰ ਰਹੇ ਹੋਣ।

ਫਿਰ ਇਸ ਧਰਤੀ ਤੇ ਉਨਾਂ ਦੇ ਪੰਚਭੂਤਕ ਸਰੀਰ ਦੇ ਅੰਤਮ ਸੰਸਕਾਰ ਸਬੰਧੀ ਹਿਦੂ ਤੇ ਮੁਸਲਮਾਨਾ ਦਾ ਝਗੜਨਾ ਉਨ੍ਹਾਂ ਦੀ ਸਰਬ ਸਾਂਝੀ-ਵਾਲਤਾ ਦਾ ਇਕ ਬਹੁਤ ਹੀ ਵਡਾ ਇਤਿਹਾਸਕ ਸਬੂਤ ਹੈ ਉਨ੍ਹਾਂ ਦੀ ਸਿਖਿਆ ਨਿਰੋਲ ਅਕਾਲੀ ਹੁਕਮਾਂ ਦੀ ਵਿਆਖਿਆ ਹੈ। ਅਜ ਦੀ ਪਾਟੋ ਧਾੜ ਦੇ ਸਮੇਂ ਵਿਚ ਇਕ ਗੁਰੂ ਨਾਨਕ ਦਰਸਾਇਆ ਮਾਰਗ ਹੀ ਸ੍ਰਿਸ਼ਟੀ ਤੇ ਅਮਨ ਭਰਾਤਰੀਭਾਵ ਤੇ ਸਾਂਝੀਵਾਲਤਾ ਦੀ ਮੰਜ਼ਲ ਤਕ ਪੁਚਾ ਸਕਦਾ ਹੈ। ਇਸ ਲਈ ਲੋੜ ਹੈ ਕਿ ਉਨ੍ਹਾਂ ਦੀ ਪੰਜ ਸੌ ਸਾਲਾ ਵਰ੍ਹੇ ਗੰਢ ਦੇ ਇਸ ਸਾਲ ਵਿਚ ਹਰ ਸੰਭਵ ਢੰਗ ਨਾਲ ਗੁਰੂ ਨਾਨਕ ਦਾ ਸੁਨੇਹਾ ਸ੍ਰਿਸ਼ਟੀ ਦੇ ਕੋਨੇ ਕੋਨੇ ਵਿਚ ਪੁਚਾਇਆ ਜਾਵੇ।

ਜਿਥੇ ਹੋਰ ਪੰਥਕ ਤੇ ਦੇਸ਼ ਸੰਸਥਾਵਾਂ ਇਸ ਕਾਰਜ ਨੂੰ ਆਪ ਆਪਣੇ ਢੰਗ ਨਾਲ ਸਿਰੇ ਚਾੜ੍ਹਨ


www.AKJ.Org

ਲਈ ਤਿਆਰ ਹੋ ਰਹੀਆਂ ਹਨ ਉਥੇ ਨਿਰਬਾਣ ਕੀਰਤਨੀ ਜਥੇ ਨੂੰ ਵੀ ਇਸ ਸਬੰਧੀ ਜ਼ਿਮੇਦਾਰੀ ਦਾ ਇਹਸਾਸ ਕਰਨਾ ਚਾਹੀਦਾ ਹੈ। ਇਹ ਇਕ ਸਚਾਈ ਹੈ ਕਿ ਇਸ ਸਮੇਂ ਸਾਰੇ ਪੰਥ ਵਿਚ ਇਕ ਇਹੋ ਹੀ ਪ੍ਰੇਮ ਅਖਾੜਾ ਹੈ ਜਿਸ ਵਿਚ ਸ੍ਰੀ ਗੁਰੂ ਨਾਨਕ ਦਸਮੇਸ਼ ਦ੍ਰਿੜਾਈ ਤੱਤ ਗੁਰਮਤਿ ਨੂੰ ਪ੍ਰਧਾਨਤਾ ਦਿਤੀ ਗਈ ਹੈ। ਇਥੇ ਹੀ 'ਬਾਣੀ ਗੁਰੂ ਗੁਰੂ ਹੈ ਬਾਣੀ' ਗੁਰਵਾਕ ਉਤੇ ਨਿਸ਼ਚੇ ਤੇ ਦ੍ਰਿੜਤਾ ਨਾਲ ਅਮਲ ਹੋ ਰਿਹਾ ਹੈ। ਇਹੋ ਹੀ ਇਕ ਸੰਸਥਾ ਹੈ ਜਿਸ ਵਿਚ ਕਿਸੇ ਵਿਅਕਤੀ ਜਾਂ ਸੰਤ-ਮਹਾਤਮਾ ਦੀ ਨਿਜ ਮੱਤ ਨੂੰ ਪ੍ਰਧਾਨਤਾ ਨਹੀਂ ਦਿਤੀ ਗਈ ਤੇ ਜਿਥੇ ਸ਼ਖਸੀ ਪੂਜਾ ਦੇ ਅਡੰਬਰ ਅਜੇ ਤਾਈਂ ਅਪਣਾ ਅਸਰ ਨਹੀਂ ਪਾ ਸਕੇ ਇਹੋ ਹੀ ਇਕ ਸੰਸਥਾ ਹੈ ਜਿਸ ਨੇ ਗੁਰੂ ਨਾਨਕ ਅਪਨਾਏ ਪ੍ਰਚਾਰ ਢੰਗ-ਗੁਰਬਾਣੀ ਕੀਰਤਨ-ਨੂੰ ਅਪਨਾਇਆ ਹੈ ਇਹ ਠੀਕ ਹੈ ਕਿ ਗੁਰੂ ਨਾਨਕ ਸੰਦੇਸ਼ ਨੂੰ ਆਨ ਮਤੀਆਂ ਤਕ ਪਹੁੰਚਾ-ਉਣਾ ਬਹੁਤ ਜ਼ਰੂਰੀ ਤੇ ਲਾਭਦਾਇਕ ਹੈ ਪਰ—

Charity Begins at home.

ਪਹਿਲੇ ਆਪਣੇ ਘਰ ਨੂੰ ਸੁਧਾਰਨਾ ਉਸ ਤੋਂ ਵੀ ਕਿਤੇ ਜ਼ਿਆਦਾ ਜ਼ਰੂਰੀ ਹੈ। ਇਸ ਲਈ ਸਭ ਤੋਂ ਪਹਿਲੇ ਆਮ ਸਿਖ ਜੰਤਾ ਵਿਚ ਗੁਰੂ ਨਾਨਕ ਸੁਨੇਹਾ ਪੁਚਾਉਣਾ ਇਸ ਸਮੇਂ ਦੀ ਬਹੁਤ ਵਡੀ ਲੋੜ ਹੈ। ਅਸੀਂ ਜੋ ਗੁਰੂ ਨਾਨਕ ਨਾਮ ਲੇਵਾ ਸਿਖ ਅਖਵਾਉਂਦੇ ਹਾਂ—ਸਾਡੇ ਬਚੇ, ਪ੍ਰਿਵਾਰ, ਵੀਰ ਭੈਣਾਂ—ਇਹਨਾਂ ਵਿਚ ਸਿਖੀ ਸਿਪਿਰਿਟ ਤੇ ਸਿਖੀ ਜੀਵਨ ਪੈਦਾ ਕਰਨ ਤੋਂ ਬਿਨਾਂ ਹੋਰਨਾਂ ਵਿਚ ਸਿਖੀ ਦੀ ਸ੍ਰੇਸ਼ਟਤਾ ਦਰਸਾਨ ਦੇ ਜਤਨ ਕਰਨੇ ਇਕ ਹਾਸੋਹੀਣੀ ਗਲ ਹੀ ਹੈ। ਇਸ ਲਈ ਆਮ ਸਿਖਾਂ ਵਿਚ ਸਿਖੀ ਪ੍ਰਚਾਰ ਨੂੰ ਖ਼ਾਸ ਵਿਸ਼ੇਸ਼ਤਾ ਦੇਣੀ ਅਤਿ ਜ਼ਰੂਰੀ ਹੈ। ਇਸ ਲੋੜ ਨੂੰ ਜੇ ਕੋਈ ਸੰਸਥਾ ਠੀਕ ਢੰਗ ਨਾਲ ਨਿਬਾਹੁਣ ਦੇ ਯੋਗ ਹੈ ਤਾਂ ਉਹ ਇਹੋ ਹੀ ਨਿਰਬਾਣ ਕੀਰਤਨੀ ਜਥੇ ਦੇ ਨਿਰਮਾਣ ਤੇ ਨਿਰਬਾਣ ਵੀਰ ਭੈਣਾਂ ਹਨ। ਅਸਲ ਵਿਚ ਇਹਨਾਂ ਵੀਰਾਂ ਭੈਣਾਂ ਤੇ ਇਹ ਇਕ ਖ਼ਾਸ ਜ਼ਿਮੇਂਦਾਰੀ ਹੈ। ਇਸ ਲਈ ਅਖੰਡ ਕੀਰਤਨੀ ਜਥੇ ਦੇ ਸੇਵਕਾਂ ਨੂੰ—ਕੀਰਤਨ ਕਰਨ; ਸੁਨਣ ਤੇ ਪਿਛੇ ਬੋਲਣ ਵਾਲਿਆਂ ਸਭਨਾ—ਤੇ ਸੇਵਾ ਸਪਿਰਿਟ ਭਰਪੂਰ ਸਰਬ ਜਨਾਂ ਨੂੰ ਇਸ ਮਹਾਨ ਕਾਰਜ ਵਿਚ ਆਪਣਾ ਹਿੱਸਾ ਪਾਉਣਾ ਯੋਗ ਹੀ ਨਹੀਂ; ਜ਼ਰੂਰੀ ਹੈ।

ਪੰਜਾਬ; ਚੰਡੀਗੜ੍ਹ ਤੇ ਦਿਲੀ ਵਿਚ ਤਾਂ ਇਸ ਨਿਰਬਾਣ ਕੀਰਤਨੀ ਜਥੇ ਦੇ ਕੀਰਤਨ ਸਮਾਗਮਾਂ ਦੀਆਂ ਗੁੰਜਾਰਾਂ ਥਾਂ ਥਾਂ ਤੇ ਪੈਂਦੀਆਂ ਹੀ ਰਹਿੰਦੀਆਂ ਹਨ। ਇਹਨਾਂ ਇਲਾਕਿਆਂ ਵਿਚ ਰਹਿਣ ਵਾਲੇ ਗੁਰਸਿਖ ਤੇ ਹੋਰ ਜਗਿਆਸੂ ਇਨ੍ਹਾਂ ਉੱਚ ਸਮਾਗਮਾਂ ਤੋਂ ਲਾਭ ਲੈ ਰਹੇ ਹਨ ਜਾਂ ਲੈ ਸਕਦੇ ਹਨ। ਹਿੰਦ ਦੇ ਆਜ਼ਾਦ ਹੋਣ ਤੋਂ ਪਿਛੋਂ ਦੇਸ਼ ਦੇ ਲਗ ਭਗ ਸਭ ਪ੍ਰਾਂਤਾਂ ਵਿਚ ਗੁਰੂ ਨਾਨਕ ਨਾਮ ਲੇਵਾ ਸਿਖਾਂ ਦਾ ਵਾਸਾ ਹੋ ਗਿਆ ਹੈ। ਦੇਸ਼ ਦੇ ਕਿਸੇ ਭਾਗ ਵਿਚ ਚਲੇ ਜਾਉ ਤੁਹਾਨੂੰ ਗੁਰੂ ਨਾਨਕ ਨਾਮ ਲੇਵਾ ਆਮ ਮਿਲਣਗੇ। ਸਤਿਗੁਰੂ ਜੀ ਦੀ ਮੇਹਰ ਸਦਕਾ ਉਨਾਂ ਦੀ ਬਹੁ ਗਿਣਤੀ ਚੰਗੇ ਖੁਸ਼ਹਾਲੀ ਵਿਚ ਜੀਵਨ ਬਿਤਾ ਰਹੀ ਹੈ। ਪੰਜਾਬੋਂ ਦੂਰ ਹੋਣ ਕਰਕੇ ਉਨ੍ਹਾਂ ਵਿਚ ਗੁਰਮਤਿ ਪ੍ਰਚਾਰ ਬਹੁਤ ਘਟ ਰਿਹਾ ਹੈ। ਪਿਛਲੇ ਸਾਲ ਜੋ ਸਰਬ ਹਿੰਦ ਗੁਰਧਾਮਾਂ ਦੀ ਯਾਤ੍ਰਾ ਲਈ ਬੱਸਾਂ ਗਈਆਂ ਸਨ ਉਨ੍ਹਾਂ ਵਿਚ ਗਏ ਵੀਰਾਂ ਨੇ ਭਲ ਪ੍ਰਕਾਰ ਦੇਖਿਆ ਹੈ ਕਿ ਬਾਹਰਲੇ ਪ੍ਰਾਂਤਾਂ ਵਿਚ ਗੁਰਬਾਣੀ ਅਖੰਡ ਕੀਰਤਨ ਦੀ ਕਿਤਨੀ ਭੁਖ ਹੈ। ਇਸ ਭੁਖ ਦੀ ਪੂਰਤੀ ਕੇਵਲ ਇਹ ਨਿਰਬਾਣ ਕੀਰਤਨੀ ਜੱਥਾ ਹੀ ਕਰ ਸਕਦਾ ਹੈ। ਇਸ ਲਈ ਲੋੜ ਹੈ ਕਿ ਵਖੋ ਵਖ ਪ੍ਰਾਂਤਾਂ ਵਿਚ ਕੀਰਤਨ ਪ੍ਰਚਾਰ ਯਾਤ੍ਰਾ ਫੇਰੀਆਂ ਦੀ ਕੋਈ ਯੋਜਨਾ ਬਣਾਈ ਜਾਵੇ। ਇਸਦਾ ਢਾਂਚਾ ਕੁਝ ਇਸ ਤਰਾਂ ਦਾ ਹੋ ਸਕਦਾ ਹੈ—

(ੳ) ਪੰਜਾਬ ਤੋਂ ਬਾਹਰਲੇ ਪ੍ਰਾਂਤਾਂ ਵਿਚ ਵਸ ਰਹੇ ਇਸ ਪ੍ਰੇਮ ਅਖਾੜੇ ਦੇ ਸਭ ਵੀਰ ਭੈਣਾਂ ਇਸ ਕਾਰਜ ਲਈ ਇਕ ਮਹੀਨਾ ਜਾਂ ਵੱਧ ਤੋਂ


www.AKJ.org

ਵਧ ਸਮਾਂ ਦੇਣ ਦੀ ਸੇਵਾ ਕਰਨ। ਪੰਜਾਬ ਦਿਲੀ ਆਦਿ ਤੋਂ ਗਈ ਯਾਤ੍ਰਾ ਅਥਵਾ ਕੀਰਤਨੀ ਪਾਰਟੀਆਂ ਲਈ ਪ੍ਰੋਗਰਾਮ ਬਣਾਉਣ;ਲੰਗਰ ਆਦਿ ਦਾ ਪ੍ਰਬੰਧ ਕਰਨ ਤੇ ਐਸਾ ਪ੍ਰਬੰਧ ਕਰਨ ਕਿ ਉਥੋਂ ਦੇ ਵਸਨੀਕ ਸਿਖਾਂ ਦੀ ਵੱਧ ਤੋਂ ਵਧ ਗਿਣਤੀ ਦਿਨਾਂ ਸਮਾਗਮਾਂ ਤੋਂ ਲਾਭ ਉਠਾ ਸਕੇ।

(ਅ) ਇਸੇ ਤਰਾਂ ਜਥੇ ਦੇ ਕੀਰਤਨੀ ਵੀਰ ਭੈਣਾਂ ਮਗਰ ਬੋਲਣ ਵਾਲੇ ਤੇ ਸਰੋਤ ਸਜਨ ਵੀ ਇਕ ਮਹੀਨਾ ਜਾਂ ਜਿਨਾ ਵੱਧ ਤੋਂ ਵੱਧ ਸਮਾਂ ਦੇ ਸਕਨ ਇਸ ਯਾਤ੍ਰਾ ਲਈ ਕਢਣ।

(ੲ) ਹਰ ਇਕ ਪ੍ਰਾਂਤ ਵਿਚ ਇਕ ਜੱਥਾ-ਇਕ ਬੱਸ ਵਿਚ-ਇਕ ਇਕ ਮਹੀਨੇ ਦਾ ਪ੍ਰੋਗਰਾਮ ਬਣਾਵੇ। ਹਰ ਜਥੇ ਵਿਚ ਘਟੋ ਘਟ ਇਕ ਮੁਖੀ ਕੀਰਤਨੀਆ ਆਪਣੇ ਸੰਗੀ ਸਾਥੀਆਂ ਸਹਿਤ ਹੋਵੇ ਤੇ ਬਾਕੀ ਮਗਰ ਬੋਲਣ ਵਾਲੇ ਤੇ ਹੋਰ ਸੇਵਾ ਆਦਿ ਲਈ ਵੀਰ ਭੈਣਾਂ ਹੋਣ। ਇਹ ਜ਼ਰੂਰੀ ਹੈ ਕਿ ਸਾਰੇ ਵੀਰ ਭੈਣਾਂ ਤਿਆਰ- ਬਰ ਤਿਆਰ ਰਹਿਤਾਂ ਸੰਯੁਕਤ ਸ਼ਸ਼ੋਭਤ ਹੋਣ ਤਾਂ ਕਿ ਦਰਸ਼ਨੀ ਪ੍ਰਭਾਵ ਹੀ ਸਤੋ ਗੁਣੀ ਗੁਰਮਤਿ ਦਾ ਪਵੇ।

(ਸ) ਹਰ ਇਕ ਬੱਸ ਵਿਚ ਅੰਮ੍ਰਿਤ ਸੰਚਾਰ ਦੀ ਸੇਵਾ ਲਈ 'ਪੰਜ ਪਿਆਰੇ' ਵਰਦੀ ਤੇ ਹੋਰ ਲੋੜੀਂਦੀ ਸਮਗਰੀ ਸਹਿਤ ਹੋਣ।

(ਹ) ਇਕ ਪ੍ਰਾਂਤ ਦਾ ਪ੍ਰੋਗਰਾਮ ਕਾਫੀ ਚਿਰ ਪਹਿਲੇ ਹੀ ਉਲੀਕ ਕੇ ਖੂਬ ਪ੍ਰਚਾਰਿਆ ਜਾਵੇ। ਹਰ ਥਾਂ ਤੇ ਦੋ ਦਿਨ ਸਵੇਰੇ ਸ਼ਾਮ ਕੀਰਤਨ ਤੇ ਲੋੜ ਪੈਣ ਤੇ ਅੰਮ੍ਰਿਤ ਸੰਚਾਰ ਸਮਾਗਮ ਕਰਕੇ ਸਾਰੇ ਪ੍ਰਾਂਤ ਦੇ ਉਘੇ ਅਸਥਾਨਾਂ ਦੀ ਯਾਤ੍ਰਾ ਲਗ ਭਗ ਇਕ ਮਹੀਨੇ ਵਿਚ ਸੰਪੂਰਨ ਕੀਤੀ ਜਾਵੇ।

(ਕ) ਇਸ ਤਰਾਂ, ਨਵੰਬਰ ੧੯੬੯ ਵਿਚ ਗੁਰੂ ਨਾਨਕ ਪ੍ਰਕਾਸ਼ ਉਤਸ਼ਵ ਤਕ ਸਾਰੇ ਦੇਸ਼ ਦਾ ਰਟਨ ਇਹ ਵਖੋ ਵਖ ਕੀਰਤਨੀ ਜਥੇ ਬਸਾਂ ਰਾਹੀਂ ਸੰਪੂਰਨ ਕਰ ਲੈਣ ਅਤੇ ਨਵੰਬਰ ਵਿਚ ਇਕੋ ਥਾਂ ਤੇ ਇਕ ਸੰਟਰਲ ਸਮਾਗਮ ਕੀਤਾ ਜਾਵੇ ਜਿਥੇ ਹਰ ਪ੍ਰਾਂਤ ਤੋਂ ਪਰੇਮੀ ਜਨ ਆਕੇ ਕੀਰਤਨਾਂ ਦੇ ਲਾਹੇ ਲੈਣ।

ਜੋ ਵੀਰ ਭੈਣਾਂ ਇਨਾਂ ਕੀਰਤਨ ਫੇਰੀਆਂ ਵਿਚ ਸ਼ਾਮਲ ਹੋਣਗੇ ਉਹ ਦੂਹਰੇ ਲਾਹੇ ਲੈਣਗੇ ਇਕ ਤਾਂ ਗੁਰੂ ਨਾਨਕ ਪ੍ਰਕਾਸ਼ ਉਤਸ਼ਵ ਨੂੰ ਠੀਕ ਢੰਗ ਨਾਲ ਮਨਉਣ ਵਿਚ ਆਪਣਾ ਹਿੱਸਾ ਪਾ ਸਕਣ ਦੀ ਤੱਸਲੀ ਮਿਲੇਗੀ ਤੇ ਦੂਜਾ ਇਕ ਮਹੀਨਾ ਲਗਾਤਾਰ ਕੀਰਤਨ ਤੇ ਨਾਮ ਬਾਣੀ ਦੇ ਲਾਹੇ ਅਠੇ ਪਹਿਰ ਮਾਨਣ ਦਾ ਅਮੁੱਲਾ ਅਵਸਰ ਪ੍ਰਾਪਤ ਹੋਵੇਗਾ। ਇਸ ਤਰ੍ਹਾਂ ਉਹ ਨਿਰਸੰਦੇਹ ਆਪਣੇ ਨਿੱਜੀ ਆਤਮਕ ਲਾਭ ਨਾਲ ਵੀ ਪ੍ਰਫੁਲਤ ਹੋਣਗ। ਇਕ ਤਰ੍ਹਾਂ ਇਹ ਇਕ ਮਹੀਨੇ ਦਾ ਚਲਦਾ ਫਿਰਦਾ ਕੀਰਤਨ ਸਮਾਗਮ ਹੋਵਗਾ। ਇਹ ਤਾਂ ਹੈ ਇਸ ਯੋਜਨਾ ਦਾ ਢਾਂਚਾ। ਹੁਣ ਇਹ ਵੀਚਾਰ ਕਰਨੀ ਹੈ ਕਿ ਇਸ ਪ੍ਰੋਗਰਾਮ ਨੂੰ ਅਮਲੀ ਰੂਪ ਕਿਵੇਂ ਦਿਤਾ ਜਾਵੇ? ਇਸ ਸਬੰਧੀ ਹੇਠ ਲਿਖੀਆਂ ਪ੍ਰੇਰਨਾ-ਮਈ ਬੇਨਤੀਆਂ ਹਾਜ਼ਰ ਹਨ—

੧. ਜਿਨਾਂ ਵੀਰਾਂ ਭੈਣਾਂ ਨੇ ਬੱਸਾਂ ਵਿਚ ਯਾਤ੍ਰਾ ਲਈ ਆਪਣੀਆਂ ਸੇਵਾਵਾਂ ਪੇਸ਼ ਕਰਨੀਆਂ ਹਨ ਉਨਾਂ ਤੇ ਸਮੇਂ ਤੋਂ ਛੁਟ ਹੋਰ ਬੋਝ ਪਾਉਣਾ ਨਾ ਮੁਨਾਸਿਬ ਹੈ; ਅਜ ਦੇ ਸਮੇਂ ਅੰਦਰ ਸਭ ਤੋਂ ਔਖੀ ਕੁਰਬਾਨੀ ਸਮਾਂ ਦੇਣਾ ਹੈ। ਸੋ ਯਾਤ੍ਰਾ ਵਿਚ ਸ਼ਾਮਲ ਹੋਣ ਵਾਲੇ ਕੀਰਤਨੀ ਤੇ ਹੋਰ ਵੀਰ ਭੈਣਾਂ ਲਈ ਇਤਨਾ ਹੀ ਕਾਫ਼ੀ ਹੈ ਕਿ ਉਹ ਇਕ ਮਹੀਨਾ (ਜਾਂ ਜਿਨਾ ਸਮਾਂ ਇਕ ਪ੍ਰਾਂਤ ਲਈ ਨੀਯਤ ਹੋਵੇ) ਇਸ ਕਾਰਜ ਲਈ ਅਰਪਨ ਕਰਨ! ਹਾਂ ਇਸ ਤੋਂ ਉਪ੍ਰੰਤ ਜਿਸ ਪ੍ਰਾਂਤ ਵਿਚ ਉਨਾਂ ਨੇ ਇਹ ਫੇਰੀ ਕਰਨੀ ਹੈ, ਉਸ ਦੇ ਕਿਸੇ ਖਾਸ ਪਹਿਲੇ ਨੀਯਤ ਕੀਤੇ ਅਰੰਭਕ ਅਸਥਾਨ ਤਕ ਪੁਜਨ ਤੇ ਅੰਤ ਵਿਚ ਉਥੋਂ ਵਾਪਸ ਆਪਣੇ ਘਰ ਤਕ ਆਉਣ ਦਾ ਖਰਚਾ ਉਹ ਆਪਣੇ ਪਾਸੋਂ ਕਰਨ।

੨. ਕਿਸੇ ਪ੍ਰਾਂਤ ਵਿਚ ਇਕ ਮਹੀਨੇ ਲਈ ਇਕ ਬੱਸ ਦਾ ਖਰਚਾ ਲਗਭਗ ਢਾਈ ਜਾਂ ਤਿਨ


www.AKJ.Org

ਹਜ਼ਾਰ ਰੁਪੈ ਦਸਿਆ ਗਿਆ ਹੈ, ਜਿਨ੍ਹਾਂ ਵੀਰਾਂ ਨੂੰ ਸਤਿਗੁਰੂ ਨੇ ਮਾਇਆ ਬਖਸ਼ੀ ਹੈ ਉਹ ਇਸ ਖਰਚੇ ਲਈ ਆਪਣੀ ਮਾਇਆ ਸਫਲੀ ਕਰਨ ਦਾ ਸੁਭਾਗ ਪ੍ਰਾਪਤ ਕਰਨ। ਏਸ ਤਰਾਂ ਇਕ ਜਾਂ ਦੋ ਰਲਕੇ ਇਕ ਪ੍ਰਾਂਤ ਲਈ ਬੱਸ ਦਾ ਖਰਚਾ ਦੇਣ ਦੀ ਸੇਵਾ ਕਰਨ।

ੜ. ਹਰ ਪ੍ਰਾਂਤ ਦੇ ਗੁਰ ਸਿਖੀ ਪਿਆਰ ਵਾਲੇ ਧਨਾਢ ਵੀਰਾਂ ਨੂੰ ਵੀ ਉਥੋਂ ਦੇ ਲੋਕਲ ਵਸਨੀਕ ਵੀਰ ਇਸ ਬੱਸਾਂ ਦੇ ਖਰਚੇ ਲਈ ਪ੍ਰੇਰ ਸਕਦੇ ਹਨ। ਇਕ ਪ੍ਰਾਂਤ ਦੇ ਕੁਝ ਧਨੀ ਗੁਰਸਿਖੀ ਪ੍ਰਚਾਰ ਦੀ ਪਰੇਮ ਭਾਵਨਾਂ ਵਾਲੇ ਗੁਰਸਿਖਾਂ ਨਾਲ ਜਦ ਇਸ ਸੰਬੰਧੀ ਵੀਚਾਰ ਕੀਤੀ ਗਈ ਤਾਂ ਉਨਾਂ ਨੇ ਆਪਣੇ ਪ੍ਰਾਂਤ ਵਿਚ ਇਕ ਬੱਸ ਦਾ ਸਾਰਾ ਖਰਚ ਦੇਣ ਦਾ ਬਚਨ ਕੀਤਾ। ਇਸੇ ਤਰਾਂ ਯਤਨ ਕਰਨ ਤੇ ਹੋਰ ਪ੍ਰਾਂਤਾਂ ਵਿਚੋਂ ਐਸੇ ਦਾਨੀ ਪੁਰਸ਼ਾਂ ਨੂੰ ਪਰੇਰਨਾ ਕੀਤੀ ਜਾ ਸਕਦੀ ਹੈ ਉਥੋਂ ਦੇ ਰਹਿਣ ਵਾਲੇ ਇਸ ਸਬੰਧੀ ਯਤਨ ਕਰ ਸਕਦੇ ਹਨ।

ਅੰਤ ਵਿਚ ਇਹ ਬੇਨਤੀ ਹੈ ਕਿ ਇਸ ਤਜਵੀਜ਼ ਨੂੰ ਸਾਰੇ ਵੀਰ ਭੈਣ ਗਹੁ ਨਾਲ ਵਿਚਾਰਨ, ਖ਼ਾਸਕਰ ਭਾਈ ਸਾਹਿਬ ਭਾਈ ਹਰਚਰਨ ਸਿੰਘ ਜੀ ਚੰਡੀਗੜ ਵਾਲੇ ਤੇ ਹੋਰ ਵੀਰ ਜਿਨ੍ਹਾਂ ਨੂੰ ਅਗੇ ਬਸਾਂ ਰਾਹੀਂ ਐਸੀਆਂ ਕੀਰਤਨ ਯਾਤ੍ਰਾ ਦਾ ਤਜਰਬਾ ਹੈ, ਇਸ ਖਿਨੇ ਵੱਲ ਖਾਸ ਧਿਆਨ ਦੇਣ ਦੀ ਕਿਰਪਾਲਤਾ ਕਰਨ। ਨਾਲੇ ਉਪਰ ਲਿਖੀਆਂ ਸੱਤਰਾਂ ਵਿੱਚ ਇਕ ਢਾਂਚਾ ਜਿਹਾ ਦਿਤਾ ਹੈ। ਪ੍ਰਮੁਖ ਆਸ਼ੇ ਨੂੰ ਮੁਖ ਰਖਦੇ ਹੋਏ ਹੋਰ ਵੀਚਾਰਵਾਨ ਸਜਨ ਆਪਣੀ ਰਾਇ ਦਸਣ। ਨਾਲ ਹੀ ਜੋ ਵੀਰ ਭੈਣਾਂ ਇਸ ਮਹਾਨ ਕਾਰਜ ਵਿਚ ਸ਼ਾਮਲ ਹੋਣ ਲਈ ਆਪਣੀ ਸੇਵਾ ਅਰਪ ਸਕਦੇ ਹੋਣ ਉਹ ਇਸ ਸਬੰਧੀ ਸੂਚਨਾ ਤੇ ਵੀਚਾਰ ਐਡੀਟਰ 'ਸੂਰਾ' ਨੂੰ ਘਲਣ ਦੀ ਖੇਚਲ ਕਰਨ ਤਾਕਿ ਸੰਗਤਾਂ ਵਿਚ ਇਸ ਕਾਰਜ ਲਈ ਉਤਸ਼ਾਹ ਦਾ ਅਨੁਮਾਨ ਵੀ ਲਗ ਸਕੇ ਤੇ ਨਾਲ ਹੀ ਹੋਰ ਵੀਚਾਰ ਕਰਕੇ ਇਸ ਸਕੀਮ ਨੂੰ ਅਮਲੀ ਰੂਪ ਵਿਚ ਲਿਆਉਣ ਦਾ ਉਪਰਾਲਾ ਕੀਤਾ ਜਾ ਸਕੇ।

---

## ਚੰਡੀਗੜ੍ਹ ਵਿਖੇ ਕੀਰਤਨ ਸਮਾਗਮ 'ਚ ਭਾਸ਼ਨ

**ਚੰਡੀਗੜ੍ਹ**—ਹੋਲੇ ਮਹੱਲੇ ਦੇ ਸ਼ੁਭ ਅਵਸਰ ਤੇ ਭਾਰੀ ਸਾਲਾਨਾ ਕੀਰਤਨ ਸਮਾਗਮ ਹੋਏ, ਜਿਸ ਵਿਚ ਸ੍ਰੀ ਮਾਨ ਬਾਬੂ ਮੱਲ ਸਿੰਘ ਜੀ ਨੇ ਇਕ ਪ੍ਰਭਾਵਸ਼ਾਲੀ ਤਕਰੀਰ ਕੀਤੀ, ਤੇ ਸਿਖ ਸੰਗਤਾਂ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਜਿਸ ਪ੍ਰਾਣੀ ਨੇ ਅਜੇ ਤਕ ਅੰਮ੍ਰਿਤ ਪਾਨ ਨਹੀਂ ਕੀਤਾ ਉਹ ਗੁਰੂ ਦਾ ਸਿਖ ਨਹੀਂ ਅਖਵਾ ਸਕਦਾ, ਜਿਤਨੀ ਦੇਰ ਕਿ ਉਹ ਅੰਮ੍ਰਿਤ ਨਹੀਂ ਛਕ ਲੈਂਦਾ। ਅਗੇ ਚਲਕੇ ਉਹਨਾਂ ਰਹਿਤਾਂ ਬਾਰੇ ਰੋਸ਼ਨੀ ਪਾਈ, ਫਿਰ ਚਾਰ ਕੁਰਹਿਤਾਂ ਸੰਬੰਧੀ ਵਿਸਥਾਰ ਪੂਰਬਕ ਸੰਗਤਾਂ ਨੂੰ ਜਾਣੂ ਕਰਾਇਆ ਖ਼ਾਸ ਕਰਕੇ ਜਿਹੜੇ ਅੰਮ੍ਰਿਤਧਾਰੀ ਸਿਘ ਮਾਸ ਖਾਂਦੇ ਹਨ ਉਹ ਸਿੱਖੀ ਤੋਂ ਖ਼ਾਰਜ ਤੇ ਪੱਤਤ ਹਨ ਤੇ ਉਹ ਸਿੱਖ ਅਖਵਾਣ ਦੇ ਹੱਕਦਾਰ ਨਹੀਂ ਹਨ।

**ਚਾਰ ਕੁਰਹਿਤਾਂ**— (1) ਮਾਸ ਖਾਣ ਵਾਲਾ ਪੱਤਤ ਹੈ।
(2) ਦੇਖ ਪ੍ਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੇ, ਦੇ ਅਸੂਲ ਦੇ ਉਲਟ ਚਲੇ, ਉਹ ਵੀ ਪੱਤਤ ਹੈ।
(3) ਰੋਮਾਂ ਦੀ ਕਿਸੇ ਪ੍ਰਕਾਰ ਦੀ ਬੇਅਦਬੀ ਕਰਨ ਵਾਲਾ ਵੀ ਪੱਤਤ ਹੈ।
(4) ਤੰਬਾਕੂ ਆਦਿ ਨਸ਼ਿਆਂ ਨੂੰ ਵਰਤਣ ਵਾਲਾ ਵੀ ਪੱਤਤ ਹੈ।

ਇਸ ਭਾਸ਼ਨ ਦਾ ਸੰਗਤਾਂ ਤੇ ਬਹੁਤ ਚੰਗਾ ਪ੍ਰਭਾਵ ਪਿਆ ਤੇ ਕਈ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਦੇ ਸਿੰਘ ਸਜੇ।

(ਸੰਪਾਦਕ)


www.AKJ.org

# ਪੂਰਾ ਗੁਰੂ ਤੇ ਅਧੂਰੇ ਗੁਰੂ

(ਵਲੋਂ—ਗੁਰਪੁਰਾਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਸਤਿਗੁਰ ਪੂਰਾ ਜੇ ਮਿਲੈ ਪਾਈਐ ਰਤਨੁ ਬੀਚਾਰੁ ॥
ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰ ॥
ਮੁਕਤਿ ਪਦਾਰਥੁ ਪਾਈਐ ਅਵਗੁਣ ਮੇਟਣਹਾਰੁ ॥
ਭਾਈ ਰੇ ਗੁਰ ਬਿਨੁ ਗਿਆਨ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥ ਰਹਾਉ ॥

ਗੁਰਮਤਿ ਨਾਮ ਰੂਪੀ ਰਤਨ ਦਾ ਅਭਿਆਸ ਮਈ ਵੀਚਾਰ ਕੇਵਲ ਪੂਰੇ ਗੁਰੂ ਦੁਆਰਾ ਹੀ ਮਿਲਦਾ ਹੈ। ਪੂਰਾ ਗੁਰੂ ਕੇਵਲ ਗੁਰੂ ਨਾਨਕ ਜੋਤਿ ਗੁਰੂ ਜਾਮਿਆਂ ਦੇ ਸਰੂਪ ਵਿਚ ਹੈ ਤਾਂ ਤੇ ਜਹਿੜੇ ਲੋਕ ਪ੍ਰਪੰਚੀ ਤੇ ਪਾਖੰਡੀ ਆਪੋਂ ਬਣ ਬੈਠੇ ਊਰੇ ਅਧੂਰੇ ਬੇਹੂਦਾ ਗੁਰੂਆਂ ਪਾਸੋਂ ਨਾਮ ਲੈਂਦੇ ਹਨ ਇਹ ਉਹਨਾਂ ਦੀ ਮਹਾਂ ਮਨਮਤ ਹੈ। ਤਿਨਾਂ ਦੀ ਕਦੇ ਵੀ ਪੂਰੀ ਨਹੀਂ ਪੈਂਦੀ ਸਗੋਂ ਹੰਕਾਰ ਦੇ ਭਾਰ ਦਾ ਲੱਦਾ ਆਪਣੇ ਉਤੇ ਲਦ ਲੈਂਦੇ ਹਨ ਅਤੇ ਹੋਛੇ ਗੁਰੂਆਂ ਦੇ ਮਨ ਅੰਦਰ ਲਦਾ ਦੇਂਦੇ ਹਨ। ਸਚੜੇ ਗੁਰੂ ਦੀ ਸੰਭਾਲ ਸੰਭਾਲ ਕੇ (ਸਚੜੇ ਗੁਰੂ ਨੂੰ ਅਪਣਾ ਕੇ) ਜੋ ਫਿਰ ਨਿਰੇ ਹੀ ਗੁਰੂ ਪ੍ਰਾਇਣ ਹੋ ਰਹਿੰਦੇ ਹਨ, ਅਪਣਤ ਦੀ ਰਾਈ ਭੀ ਜੀਹਨਾਂ ਵਿਚ ਨਹੀਂ ਰਹਿੰਦੀ ਤਿਨ੍ਹਾਂ ਨੂੰ ਹੀ ਸਰਬ ਪ੍ਰਯ ਪਿਆਰੇ ਵਾਹਿਗੁਰੂ ਕਰਤਾਰ ਦੀ ਪ੍ਰਾਪਤੀ ਹੁੰਦੀ ਹੈ ਐਵੇਂ ਨਹੀਂ। ਤਿਥੋਂ ਹੀ ਸਚੜੀ ਮੁਕਤੀ ਦਾ ਸਚੜਾ ਪਦਾਰਥ ਮਿਲਦਾ ਹੈ ਇਸ ਪਦਾਰਥ ਦੇ ਮਿਲਣ ਕਰਕੇ ਹੀ ਔਗਣਹਾਰੇ ਬੰਦੇ ਦੇ ਔਗਣ ਕਟੇ ਜਾਂਦੇ ਹਨ। ਆਨਮਤੀ ਅਵਗਣ ਮਿਟ ਜਾਣ ਪਰ ਹੀ ਸਚੜੇ ਗੁਰੂ ਦੀ ਸਰਨੀ ਆਉਣ ਪਰ ਹੀ ਸਚੇ ਆਤਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਗਿਆਨ ਪਦਾਰਥ ਨਾਮ ਹੀ ਹੈ ਜੋ ਪੂਰੇ ਗੁਰੂ ਬਿਨਾਂ ਨਹੀਂ ਮਿਲਦਾ ਏਸ ਗੁਰਮਤਿ ਗਿਆਨ ਤੋਂ ਬੜੇ ਬੜੇ ਆਨਮਤੀਆਂ ਦੇ ਮੰਨੇ ਦੰਨੇ ਰਿਖੀ ਮੁਨੀ ਭੀ ਖਾਲੀ ਰਹਿ ਗਏ। ਬ੍ਰਹਮੇ ਨਾਰਦ ਸਾਰਖੇ ਭੀ ਖਾਲੀ ਰਹਿ ਗਏ ਜਿਹਨਾਂ ਨੇ ਬੇਦ ਉਚਾਰਣ ਕੀਤੇ ਘੋਖੇ ਬੇਦਾਂ ਕੀ ਵਿਆਖਿਆ ਕਰਨ ਵਾਲਾ ਬਿਆਸ ਭੀ ਇਸ ਨਾਮ ਰੂਪੀ ਗਿਆਨ ਪਦਾਰਥ ਤੋਂ ਖਾਲੀ ਹੀ ਰਹਿ ਗਿਆ। ਏਹਨਾਂ ਦੀ ਕਲਿਆਣ ਗਤੀ ਕਦੇ ਵੀ ਨਹੀਂ ਹੋਣੀ ਜਦ ਤਾਈਂ ਮੁੜ ਜਨਮ ਧਾਰ ਕੇ ਪੂਰੇ ਗੁਰੂ ਦੀ ਸਰਨੀ ਨਹੀਂ ਆਉਣਗੇ।

## ਅਨਮਤਿ ਵਿਦਿਆ ਦਾ ਪੜ੍ਹਨਾ

ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥
ਤੀਰਥ ਨਾਤਾ ਕਿਆ ਕਰੈ ਮਨ ਮਹਿ ਮੈਲੁ ਗੁਮਾਨੁ ॥
ਗੁਰ ਬਿਨੁ ਕਿਨਿ ਸਮਝਾਈਐ ਮਨ ਰਾਜਾ ਸੁਲਤਾਨੁ ॥੪॥

ਆਨਮਤਿ ਵਿਦਿਆ ਨੂੰ ਪੜ੍ਹ ਪੜ੍ਹ ਕੇ ਸਗੋਂ ਸਚੇ ਮਾਰਗ ਤੋਂ ਘੁਬੀਦਾ ਹੈ ਤੇ ਭੇਖਾਂ ਪਖੰਡੀ ਕਿਰਿਆਵਾਂ ਵਿਚ ਪਈਦਾ ਹੈ। ਇਨਹਾਂ ਭਖੀ ਕਿਰਿਆਵਾਂ ਕਰਕੇ ਅਤੇ ਅਵਿਦਿਆ (ਆਨਮਤਿ ਵਿਦਿਆ) ਪੜ੍ਹ ਪੜ੍ਹ ਕੇ ਪੜ੍ਹਨ ਹਾਰਿਆਂ ਦਾ ਮਾਨ ਅਭਿਮਾਨ ਹੀ ਵਧਨਾ ਹੈ ਹੋਰ ਕੁਝ ਨਹੀਂ ਸਰਦਾ ਇਸ ਵਿਦਿਆ ਦੇ ਪੜ੍ਹਾਕੂ ਬਣੇ ਤੇ, ਨਾਹੀਂ ਆਨਮਤੀ ਤੀਰਥਾਂ ਤੇ ਨਹਾਤਿਆਂ ਕੁਛ ਸਉਰਦਾ ਹੈ, ਸਗੋਂ ਨਹਾਉਣਹਾਰੇ ਦੇ ਮਨ ਵਿਖੇ ਗੁਮਾਨ ਰੂਪੀ ਮੈਲ ਹੀ ਭਰੀਂਦੀ ਹੈ। ਪੂਰੇ ਗੁਰੂ ਬਿਨਾਂ (ਸਚ ਗੁਰੂ ਦੇ ਨਾਮ ਰੂਪੀ ਬਖਸ਼ੇ ਤੱਤ ਗਿਆਨ ਬਿਨਾਂ) ਕਿਸ ਨੂੰ ਭੀ ਸਚੇ ਮਾਰਗ ਦੀ ਸਚੀ ਸਮਝ ਨਹੀਂ ਪੈਂਦੀ। ਨਿਗੁਰੇ (ਗੁਰੂ ਬਿਹੂਨੇ) ਪ੍ਰਾਨੀ ਕੇਵਲ ਆਪਣੇ ਮਨ ਦੇ ਅਧੀਨ ਹੋ ਕੇ ਚਲਦੇ


www.AKJ.org

ਹਨ। ਮਨ ਨੂੰ ਹੀ ਓਹ ਆਪਣਾ ਮਾਲਕ ਰਾਜਾ ਸੁਲਤਾਨ ਬਣਾਈ ਫਿਰਦੇ ਹਨ। ਗੁਰਮਤਿ ਅਨੁਸਾਰ ਮਨ ਦੇ ਮਗਰ ਚਲਣ ਹਾਰਿਆਂ ਨੂੰ ਹੀ ਮਨਮੁੱਖ ਆਖੀਦਾ ਹੈ ਸਤਿਗੁਰੂ ਦੀ ਕ੍ਰਿਪਾ ਬਿਨਾਂ ਇਹ ਮਨਮੁਖਤਾ ਮਿਟਦੀ ਨਹੀਂ ਗੁਰਮੁਖਤਾ ਪ੍ਰਾਪਤ ਹੋਇਆਂ ਹੀ ਸਚੜੇ ਕਪਾਟ ਖੁਲਦੇ ਹਨ। ਕਈ ਸ਼ਬਦਾਰਥੀਏ ਭੂਸ਼ਨ ਮਨ ਦੀ ਰਾਜਗੀਰੀ ਨੂੰ ਹੀ ਮੁਖ ਸੁਲਤਾਨ ਬਣਾ ਕੇ ਉਸ ਦੀ ਰਿਆਇਆ ਬਣਨ ਨੂੰ ਹੀ ਫ਼ਖਰ ਸਮਝਦੇ ਹਨ। ਇਹਨਾਂ ਸ਼ਬਦਾਰਥੀਆਂ ਨੂੰ ਜੋ ਲਗਾਂ ਮਾਤਰਾਂ ਦੀ ਸੂਝ ਬੂਝ ਦੇ ਭੀ ਗਿਆਤਾ ਹਨ ਇਤਨਾਂ ਖਿਆਲ ਭੀ ਨਹੀਂ ਕਿ ਮਨ ਨੂੰ ਗੁਰੂ ਦੀ ਤੁਲਣਾਂ ਦੇਂਦੇ ਹਨ। ਜਕਰ ਮਨ ਨੂੰ ਹੀ ਗੁਰੂ ਸਮਝ ਲਿਆ ਜਾਵੇ ਤਾਂ ਗੁਰਮਤਿ ਦੀ ਕੀ ਵਿਸ਼ੇਸ਼ਤਾ ਹੋਈ ਮਨਮਤ ਦੀ ਹੀ ਪ੍ਰਧਾਨਤਾ ਪ੍ਰਬਲ ਮੰਨੀ ਜਾਵੇਗੀ। ਕਈ ਅਗਿਆਨੀ ਪੁਰਸ਼ ਏਸੇ ਟੱਪਲੇ ਵਿਚ ਪੈ ਕੇ ਦਸਮੇਸ਼ ਜੀ ਦੇ ਇਸ ਸ੍ਰੀ ਮੁੱਖਵਾਕ ਪੰਗਤੀ ਦੀ ਉਲਟੀ ਵਿਚਾਰ ਕਰਦੇ ਹਨ 'ਅਰ ਸਿੱਖ ਹੋ ਅਪਨੇ ਹੀ ਮੰਨ ਕਉ ਇਹ ਲਾਲਚ ਹਉ ਗਣ ਤਉ ਉਚਰੋਂ' ਹਾਲਾਂ ਕਿ ਏਥੇ ਸਿਖ ਪਦ ਨਾਮ ਦੇ ਅਰਥਾਂ ਵਿਚਿ ਨਹੀਂ ਬਲਕਿ ਕਿਰਿਆਵਾਚਕ ਹੈ। ਅਪਨੇ ਹੀ ਮਨ ਨੂੰ ਸਿਖਿਆ ਦੇਹੋਂ ਦਾ ਭਾਵ ਹੈ ਏਸੇ ਸਿਖਿਆ ਦੇਣ ਦੇ ਭਾਵ ਦੇ ਲਾਭ ਕਰਕੇ ਹੀ ਤੇਰੇ ਗੁਣ ਮੈਂ ਉਚਾਰਦਾ ਹਾਂ। ਉਥੇ ਇਹ ਸਜਨ ਮਨ ਨੂੰ ਹੀ ਗੁਰੂ ਸਿਧ ਕਰਨ ਲਈ ਅਜੇਹੇ ਅਵੈੜੇ ਅਤੇ ਭੈੜੇ ਅਰਥ ਕਰਦੇ ਹਨ ਜੋ ਸਰਾਸਰ ਗੁਰਮਤ ਤੋਂ ਸੁਞੇ ਹੋਣ ਦੀ ਨਿਸ਼ਾਨੀ ਹੈ।

ਮਨ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ।
ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ।
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।

ਗੁਰਮਤ ਤੋਂ ਘੁਥੀਆਂ ਮਨ ਹਠ ਬੁਧੀਆਂ ਕੇਤੀਆਂ ਹੀ ਐਵੇਂ ਰੁਲਦੀਆਂ ਫਿਰਦੀਆਂ ਹਨ। ਇਹਨਾਂ ਮਨ ਹੱਠ ਬੁਧੀਆਂ ਵਾਲੇ ਕੇਤੇ ਹੀ ਬੇਦ ਮਈ ਵੀਚਾਰ ਰੁਲਦੇ ਫਿਰਦੇ ਹਨ ਇਹੋ ਜਹੇ ਹੋਰ ਕਿਤਨੇ ਹੀ ਆਤਮਾਂ ਲਈ ਬੰਧਨ ਹਨ। ਪ੍ਰੰਤੂ ਮੁਕਤੀ ਦਾ ਦੁਆਰਾ ਕੇਵਲ ਗੁਰਮਤ ਦੁਆਰਾ ਹੀ ਗੁਰਮੁਖ ਜਨਾਂ ਨੂੰ ਮਿਲਦਾ ਹੈ। ਇਹ ਸਭ ਬੰਧਨ ਰੂਪ ਵੇਦ ਵੀਚਾਰ ਸਚੜੇ ਨਾਮ ਤੋਂ ਉਰਡੇ ਹੇਰ ਫੇਰ ਹੀ ਹਨ, ਇਹਨਾਂ ਵੇਦ ਵੀਚਾਰਾਂ ਤੋਂ ਸਭ ਤੋਂ ਉਪਰ ਗੁਰਮਤ ਨਾਮ ਰੂਪੀ ਸਚ ਦੀ ਅਭਿਆਸ ਕਰਨੀ ਮਈ ਰਹਿਨੀ ਹੈ।

ਮਨ ਹਠ ਕਿਤੈ ਉਪਾਇ ਨ ਛੂਟੀਐ ॥
ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ॥
ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ ॥

ਇਸ ਗੁਰਵਾਕ ਪੰਕਤੀ ਤੋਂ ਸਿਧ ਹੁੰਦਾ ਹੈ ਕਿ ਸਿਮਰਤੀਆਂ ਸ਼ਾਸਤਰਾਂ ਅੰਦਰ ਮਨ ਹਠ ਸਾਧਨਾਂ ਦੇ ਉਪਾਇ ਹੀ ਪਾਏ ਜਾਂਦੇ ਹਨ ਇਹਨਾਂ ਉਪਾਵਾਂ ਦੁਆਰਾ ਹਰਗਿਜ਼ ਨਹੀਂ ਛੁਟੀਦਾ। ਇਸ ਕਰਕੇ ਇਹ ਸਿਮਰਤ ਸ਼ਾਸਤਰ ਆਦਿਕ ਸਭ ਸੋਧਨ ਵਾਲੇ ਹਨ। ਛੁਟਕਾਰਾ ਹੈ ਤਾਂ ਕੇਵਲ ਗੁਰ ਸ਼ਬਦ ਅਭਿਆਸ ਕਮਾਈ ਦੁਆਰਾ ਹੀ ਹੈ। ਜੋ ਅਭਿਆਸ ਕਮਾਈ ਵਾਲੇ ਗੁਰਮੁਖ ਜਨਾਂ ਦੀ ਸੰਗਤ ਵਿਖੇ ਮਿਲਕੇ ਹੀ ਛੁਟਣ ਦਾ ਸਚਾ ਉਪਾਉ ਲਭਦਾ ਹੈ। ਕੇਵਲ ਸਚੜੇ ਗੁਰੂ ਰੂਪੀ ਸਾਧੂ ਦੇ ਤੁਫੈਲ ਹੀ ਇਸ ਮਨ ਹਠ ਖਲਜਗਣ ਚੋਂ; ਉਭਰੀਦਾ ਹੈ।

## ਏਦਾਂ ਸ਼ਾਸਤਰਾਂ ਦਾ ਪੜ੍ਹਨਾ ਨਿਸਫਲ ਹੈ

ਖਟੁ ਦਰਸਨ ਜੋਗੀ ਸੰਨਿਆਸੀ,
ਬਿਨੁ ਗੁਰ ਭਰਮਿ ਭੁਲਾਏ ॥
ਸਤਿਗੁਰੁ ਸੇਵਹਿ ਤਾ ਗਤਿ ਮਿਤਿ ਪਾਵਹਿ
ਹਰਿ ਜੀਉ ਮੰਨਿ ਵਸਾਏ ॥
ਸਚੀ ਬਾਣੀ ਸਿਉ ਚਿਤੁ ਲਾਗੈ
ਆਵਣ ਜਾਣੁ ਰਹਾਏ ॥ ੫ ॥
ਪੰਡਿਤ ਪੜਿ ਪੜਿ ਵਾਦੁ ਵਖਾਣਹਿ
ਬਿਨ ਗੁਰ ਭਰਮਿ ਭੁਲਾਏ ॥
ਲਖ ਚਉਰਾਸੀਹ ਫੇਰ ਪਇਆ
ਬਿਨੁ ਸਬਦੈ ਮੁਕਤਿ ਨ ਪਾਏ ॥


www.AKJ.Org

ਜਾ ਨਾਉ ਚੇਤੈ ਤਾ ਗਤਿ ਪਾਏ
ਜਾ ਸਤਿਗੁਰੁ ਮੇਲਿ ਮਿਲਾਇ ॥

ਖਟ ਦਰਸ਼ਨੀ ਛੇਟੀ ਭੇਖ ਜੋਗੀ ਜੰਗਮ ਸੰਨਿਆਸੀ ਬੋਧੀ, ਸਰੇਵੜ ਅਤੇ ਬੈਰਾਗੀ ਗੁਰੂ ਬਿਨਾਂ ਸਭ ਭਰਮ ਭੁਲੇ ਹੀ ਫਿਰਦੇ ਰਹੇ ਤੇ ਭਰਮ ਭੁਲੇ ਹੀ ਫਿਰਦੇ ਰਹਿਣਗੇ ਜਦ ਤਾਈਂ ਸਚੜਾ ਗੁਰੂ ਧਾਰਨ ਨਹੀਂ ਕਰਨਗੇ। ਗੁਰੂ ਸਤਿਗੁਰੂ ਦੇ ਸੇਵਕ ਸਿੱਖ ਬਣਿਆਂ ਹੀ ਤੱਤਗਤੀ ਮਈ ਕਲਿਆਨ ਹੈ। ਐਵੇਂ ਹਰਗਿਜ਼ ਨਹੀਂ। ਨਿਗਰੀ ਮਤ ਵਾਲਿਆਂ ਨੂੰ ਇਹ ਗਤੀ ਕਦਾਚਿਤ ਪ੍ਰਾਪਤ ਨਹੀਂ ਹੋ ਸਕਦੀ, ਵਾਹਿਗੁਰੂ ਨੂੰ ਮਨ ਅੰਦਰ ਵਸਾਇਆਂ ਹੀ ਸਚੀ ਕਲਿਆਣ ਹੈ। ਪ੍ਰੰਤੂ ਕੇਵਲ ਗੁਰਮਤਿ ਧਾਰਨ ਕੀਤਿਆਂ ਹੀ ਅਤੇ ਗੁਰ ਦੀਖਿਅਤ ਹੋਇਆਂ ਹੀ ਵਾਹਿਗੁਰੂ ਮਨ ਵਿਚ ਵਸਦਾ ਹੈ ਹੋਰ ਕੋਈ ਭੀ ਆਨਮਤ ਹੀਲਾ ਵਾਹਿਗੁਰੂ ਨੂੰ ਮਨ ਵਿਖੇ ਵਸਾਉਣ ਦਾ ਨਹੀਂ। ਬਸ ਸਭ ਲੁਕਾਈ ਭਰਮਿ ਭੁਲਾਈ ਹੀ ਫ਼ਿਰਦੀ ਹੈ। ਗੁਰਮਤਿ ਧਾਰਨ ਕੀਤੇ ਬਿਨਾਂ ਸਚੀ ਬਾਣੀ ਨਾਲ ਚਿਤ ਲਗਦਾ ਹੀ ਨਹੀਂ, ਸਚੀ ਬਾਣੀ ਗੁਰਬਾਣੀ ਵਿਖੇ ਲਗਿਆਂ ਹੀ ਆਵਣ ਜਾਣ ਦਾ ਗੇੜ ਮੁਕਦਾ ਹੈ। ਗੁਰਮਤਿ ਤੋਂ ਘੁਥੇ ਹੋਏ ਆਨਮਤੀ ਪੰਡਿਤ ਸਭ ਏਸੇ ਗੇੜ ਵਿਚ ਘੁਮਦੇ ਰਹਿੰਦੇ ਹਨ। ਬੇਦ ਬਾਦ ਦੇ ਝਗੜਿਆਂ ਵਿਚਿ ਪੈਕੇ ਜਨਮ ਬਿਰਥਾ ਗਵਾ ਲੈਂਦੇ ਹਨ। ਸਤਿਗੁਰੂ ਦੇ ਸਚੇ ਸਿੱਖ ਬਣੇ ਬਿਨਾ ਇਹ ਭਰਮ ਭੁਲਾਵਾ ਮਿਟਦਾ ਹੀ ਨਹੀਂ। ਚੁਰਾਸੀ ਲਖ ਜੂਨ ਦਾ ਗੇੜਾ ਸਿਰ ਤੇ ਖੜਾ ਹੀ ਰਹਿੰਦਾ ਹੈ। ਗੁਰ ਸ਼ਬਦ ਬਿਨਾਂ ਸਚੀ ਮੁਕਤੀ ਦੀ ਪ੍ਰਾਪਤੀ ਹੁੰਦੀ ਹੀ ਨਹੀਂ। ਗੁਰਮਤ ਧਾਰਨ ਕੀਤਿਆਂ ਤੇ ਗੁਰ ਦੀਖਿਅਤ ਹੋਇਆਂ ਹੀ ਦੀਖਿਆ ਮਈ ਸਚਾ ਗੁਰਸ਼ਬਦ ਗੁਰ ਮੰਤਰ ਪ੍ਰਾਪਤ ਹੁੰਦਾ ਹੈ। ਸਚੇ ਸਤਿਗੁਰੂ ਦਾ ਮੇਲ ਮਿਲਾਪ ਹੋਇਆਂ ਸਚੜਾ ਨਾਮ ਦ੍ਰਿੜ ਹੁੰਦਾ ਹੈ। ਤੇ ਇਸ ਸਚੜੇ ਨਾਮ ਦੇ ਦ੍ਰਿੜ ਹੋਇਆਂ ਸਚੀ ਕਲਿਆਣ ਗਤੀ ਪ੍ਰਾਪਤ ਹੁੰਦੀ ਹੈ।

ਸਾਸਤ ਸਿੰਮ੍ਰਿਤਿ ਬੇਦ ਚਾਰਿ ਮੁਖਾਗਰ ਬਿਚਰੇ ॥ ਤਪੇ ਤਪੀਸਰ ਜੋਗੀਆ ਤੀਰਥਿ ਗਵਨੁ ਕਰੇ। ਖਟੁ ਕਰਮਾਂ ਤੇ ਦੁਗੁਣੇ ਪੂਜਾ ਕਰਤਾ ਨਾਇ ॥ ਰੰਗੁ ਨ ਲਗੀ ਪਾਰਬ੍ਰਹਮ ਤਾ ਸਰਪਰ ਨਰਕੇ ਜਾਇ ॥ ਵਿਆਖਿਆ:—ਚਾਹੇ ਕੋਈ ਚੌਹਾਂ ਵੇਦਾਂ ਸਿਮਰਤੀਆਂ ਸ਼ਾਸਤਰਾਂ ਨੂੰ ਕੰਠਾਗਰ ਕਰ ਲਵੇ ਅਤੇ ਕੰਠ ਕਰਿ ਕਰਿ ਕੇ ਤਿਨਾਂ ਦੀ ਵੀਚਾਰ ਮਈ ਮਗਜ਼ੋਲੀ ਮਾਰਦਾ ਰਹੇ। ਆਨਮਤੀ ਤੀਰਥਾਂ ਦੇ ਉਤੇ ਵਸਣਹਾਰੇ ਬਥੇਰੇ ਤਪੀ ਤਪੀਸਰ ਜੋਗੀ ਜਨ ਆਨਮਤ ਅਨੁਸਾਰ ਗਵਨ ਭਵਨ ਕਰਦੇ ਫਿਰਦੇ ਹਨ। ਭਾਵੇਂ ਸਾਰੀ ਉਮਰ ਹੀ ਕਰਦੇ ਰਹਿਣ, ਏਹਨਾਂ ਤੀਰਥਾਂ ਉਤੇ ਬੈਠਕੇ ਚਾਹੇ ਕੋਈ ਅਨਮਤੀ ਪੁਰਸ਼ ਕਿਤਨਾਂ ਹੀ ਜੋਗ ਸਾਧਨਾਂ ਅਤੇ ਜਪ ਤਪ ਆਦਿਕ ਪੂਜਾ ਕਰਨ ਦਾ ਯਤਨ ਕਰੇ ਅਤੇ ਖਟ ਸ਼ਾਸਤ੍ਰਾਂ ਵਿਚਿ ਲਿਖੇ ਹੋਏ ਕਰਮਾਂ ਤੋਂ ਦੁਗਣੇ ਹੋਰ ਕਰਮ ਨਿਤਾਪ੍ਰਤਿ ਕਰੇ ਅਤੇ ਏਹਨਾਂ ਆਨਮਤੀ ਜਪੀ ਤਪੀ ਤਪੀਸਰ ਜਨ ਸਿਧੇ ਨਰਕਾਂ ਨੂੰ ਜ਼ਰੂਰੀ ਜਾਣਗੇ। ਬਚਣਗੇ ਤਾਂ ਜੇ ਗੁਰੂ ਦੀ ਸਰਣਿ ਆ ਕੇ ਤੇ ਗੁਰੂ ਦੀ ਗੁਰਮਤਿ ਦੀਖਿਆ ਲੈ ਕੇ ਵਾਹਿਗੁਰੂ ਨਾਮ ਅਭਿਆਸ ਦੇ ਰੰਗਾਂ ਵਿਚਿ ਰਤੇ ਜਾਣਗ। ਐਸਾ ਗੁਰਮਤਿ ਦਾ ਰੰਗ ਜੇ ਨਹੀਂ ਚੜ੍ਹੇਗਾ ਤਾਂ ਅਵਸ਼ ਉਹਨਾਂ ਨੂੰ ਨਰਕ ਹੀ ਭੋਗਣੇ ਪੈਣਗੇ।

## ਆਨਮਤ ਫੋਕਟ ਧਰਮ ਕਰਮ

ਜਾਨਉ ਨਹੀ ਭਾਵੈ ਕਵਨ ਬਾਤਾ ਮਨ ਖੋਜਿ ਮਾਰਗੁ ॥੧॥ਰਹਾਉ ॥ ਧਿਆਨੀ ਧਿਆਨੁ ਲਾਵਹਿ ॥ ਗਿਆਨੀ ਗਿਆਨੁ ਕਮਾਵਹਿ ॥ ਪ੍ਰਭੁ ਕਿਨਹੀ ਜਾਤਾ ॥੧॥ ਭਗਉਤੀ ਰਹਤ ਜੁਗਤਾ ॥ ਜੋਗੀ ਕਹਤ ਮੁਕਤਾ ॥ ਤਪਸੀ ਤਪਹਿ ਰਾਤਾ ॥੨॥ ਮੋਨੀ ਮੋਨਿ ਧਾਰੀ ॥ ਸਨਿਆਸੀ ਬ੍ਰਹਮਚਾਰੀ ॥ ਉਦਾਸੀ ਉਦਾਸ ਰਾਤਾ ॥੩॥ ਭਗਤਿ ਨਵੈ ਪਰਕਾਰਾ ॥ ਪੰਡਿਤ ਵੇਦ ਪੁਕਾਰਾ ਗਿਰਸਤੀ ਗਿਰਸਤਿ ਧਰਮਾਤਾ ॥੪॥ ਇਕ ਸਬਦੀ ਬਹੁਰੂਪਿ ਅਵਧੂਤਾ ॥ ਕਾਪੜੀ ਕਉਤੇ ਜਾਗੂਤਾ ॥ ਇਕਿ ਤੀਰਥਿ ਨਾਤਾ ॥੫॥ ਨਿਰਹਾਰ ਵਰਤੀ ਆਪਰਸਾ ॥ ਇਕਿ ਲੂਕਿ ਨ ਦੇਵਹਿ


www.AKJ.Org

ਦਰਸਾ ॥ ਇਕਿ ਮਨ ਹੀ ਗਿਆਤਾ ॥੬॥ ਘਾਟਿ ਨ ਕਿਨਹੀ ਕਹਾਇਆ ॥ ਸਭ ਕਹਤੇ ਹੈ ਪਾਇਆ ॥ ਜਿਸੁ ਮੇਲੇ ਸੋ ਭਗਤਾ ॥੭॥ ਸਗਲ ਉਕਤਿ ਉਪਾਵਾ ॥ ਤਿਆਗੀ ਸਰਨਿ ਪਾਵਾ ॥ ਨਾਨਕੁ ਗੁਰ ਚਰਣਿ ਪਰਾਤਾ ॥੮॥੫॥

ਗੁਰੂ ਨਾਨਕ ਸਾਹਿਬ ਆਪਣੇ ਪੰਚਮ ਸਰੂਪ ਵਿਚਿ ਫੁਰਮਾਉਂਦੇ ਹਨ। ਮੈਂ ਨਹੀਂ ਜਾਣਦਾ ਵਾਹਿਗੁਰੂ ਨੂੰ ਕੇਹੜੀ ਗਲ ਭਾਉਂਦੀ ਹੈ। ਹੇ ਮਨ ਤੱਤ ਪਰਮਾਰਥ ਦਾ ਮਾਰਗ ਖੋਜਣ ਵਿਚਿ ਲਗਿਆ ਰਹੁ। ਆਪੇ ਤੱਤ ਗੁਰਮਤਿ ਅਤੇ ਆਨਮਤ ਮਨਮਤ ਦਾ ਨਿਖੇੜਾ ਹੋ ਜਾਏਗਾ, ਜੋ ਆਪਣੀ ਮਤ ਅਨੁਸਾਰ ਜਾਂ ਆਨਮਤ ਦੇ ਪ੍ਰੇਰੇ ਹੋਏ ਧਿਆਨੀ ਬਣਕੇ ਧਿਆਨ ਲਾਉਂਦੇ ਫਿਰਦੇ ਹਨ ਏਹਨਾਂ ਵਿਚੋਂ ਵਾਹਿਗੁਰੂ ਕਿਸੇ ਨੇ ਨਹੀਂ ਜਾਣਿਆ। ਵੈਸ਼ਨਵ ਭਗਤ (ਭਗਵਤ ਦਾ ਉਪਾਸ਼ਕ) ਵਰਤ ਤੁਲਸੀ ਮਾਲਾ ਆਦਿਕ ਸੰਜਮ ਜੁਗਤਾਂ ਵਿਚਿ ਹੀ ਐਵੇਂ ਫਾਲਤੂ ਜੁਟੇ ਰਹਿੰਦੇ ਹਨ। ਜੋਗੀ ਜਨ ਫੋਕਟ ਹਠਜੋਗ ਕਮਾ ਕਮਾ ਕੇ ਅਤੇ ਬਫਾ ਬਫਾ ਕੇ ਕਹਿੰਦੇ ਹਨ ਕਿ ਅਸੀਂ ਮਕਤਿ ਹੋ ਗਏ ਹਾਲਾਂ ਕਿ ਮੁਕਤੀ ਮਾਰਗ ਦੇ ਉਹ ਨੇੜੇ ਭੀ ਨਹੀਂ ਢੁਕੇ ਹੁੰਦੇ ਆਨਮਤ ਦੇ ਤਪ ਕਰਨਹਾਰਾ ਤਪੱਸੀਜਨ ਆਨਮਤ ਦੇ ਅਨੇਕ ਪਰਕਾਰ ਦੇ ਤਪ ਕਰਨ ਵਿਚਿ ਹੀ ਸਾਰੀ ਉਮਰ ਰੁਝਿਆ ਰਹਿੰਦਾ ਹੈ, ਕੋਈ ਮੋਨੀ ਬਣਕੇ ਸਾਰੀ ਉਮਰ ਮੋਨ ਹੀ ਧਾਰੀ ਰਖਦਾ ਹੈ। ਏਸੇ ਤਰਾਂ ਸੰਨਿਆਸੀ ਸੰਨਿਆਸ ਨੂੰ ਬ੍ਰਹਮਚਾਰੀ ਏਕੋ ਬ੍ਰਹਮਚਰਜ ਨੂੰ ਲਈ ਬੈਠਾ ਹੈ। ਇਸੇ ਤਰਾਂ ਉਦਾਸੀ ਜਨ ਉਦਾਸ ਭੇਖ ਦੇ ਪਖੰਡ ਵਿਚਿ ਹੀ ਲੱਥ ਪੱਥ ਰਹਿਣ ਨੂੰ ਸਚਾ ਮਾਰਗ ਦਸਦੇ ਹਨ, ਅਨੇਕਾਂ ਭੇਖੀ ਐਸੇ ਭੀ ਹਨ ਜੋ ਆਨਮਤ ਦਰਸਾਈ ਨੌਧਾ ਭਗਤੀ ਵਿਚ ਹੀ ਮੁਬਤਲਾ ਰਹਿੰਦੇ ਹਨ। ਕੋਈ ਆਨਮਤ ਭਖੀ ਪੁਰਸ਼ ਪੰਡਿਤ ਸਦਾ ਸਦਾ ਕੇ ਵੇਦ ਬਕਤਾ ਤੇ ਵੇਦ ਪੁਕਾਰਨ ਦਾ ਗੁਮਾਨੀ ਬਣਿ ਬਣਿ ਬਹਿੰਦਾ ਹੈ। ਆਨਮਤ ਮਤਾਂਤਰਾਂ ਤੋਂ ਉਪਜੇ ਹੋਏ ਆਨਮਤ ਅਸੂਲਾਂ ਵਾਲਾ ਗ੍ਰਿਸਤੀ ਬਣ ਬਣ ਕੇ ਗ੍ਰਿਸਤ ਧਰਮ ਦਾ ਧਾਰਨੀ ਤੇ ਧਰਮਾਤਮਾਂ ਅਖਾਉਂਦਾ ਹੈ ਅਤੇ ਅਖਵਾ ਅਖਵਾ ਕੇ ਬਫ਼ਾਉਂਦਾ ਹੈ। ਆਲੱਖ ਆਲੱਖ ਉਚੀ ਉਚੀ ਕੂਕਣਹਾਰੇ ਕਈ ਅਨਮਤੀ ਬ੍ਰਹ ਰੂਪੀਏ ਭੀ ਐਸੇ ਹਨ ਜੋ ਇਸ ਮਨ ਉਕਤ ਕੂਕ ਪੁਕਾਰ ਨੂੰ ਹੀ ਮੁਕਤੀ ਦਾ ਵਸੀਲਾ ਸਮਝੀ ਬੈਠੇ ਹਨ, ਅਨੇਕਾਂ ਐਸੇ ਹਨ ਜੋ ਨੰਗੇ ਉਕੇ ਹੀ ਨਗਨ ਰਹਿ ਕੇ ਆਪਣੇ ਆਪ ਨੂੰ ਅਵਧੂਤ ਸਦਾਉਂਦੇ ਹਨ। ਇਸ ਦੇ ਮੁਕਾਬਲ ਵਿਚਿ ਕਈ ਅਨਿਕ ਪਰਕਾਰ ਦੇ ਭੇਖ ਲਿਬਾਸ ਪਹਿਨ ਕੇ ਕਾਪੜੀ ਸਦਾਉਣ ਵਿਚਿ ਪਰਮ ਪਦ ਪਾਉਣ ਦਾ ਸੁਦਾਉ ਆਪਣੇ ਮਗਜ਼ ਵਿਚ ਲਈ ਫਿਰਦੇ ਹਨ। ਬਹੁਤ ਸਾਰੇ ਅਨਮਤੀ ਭੇਖੀ ਸੰਸਾਰੀਆਂ ਨੂੰ ਨਾਟਕ ਚੇਟਕ ਆਦਿਕ ਸੁਆਂਗ ਦਿਖਾ ਦਿਖਾ ਕੇ ਪਰਸੰਨ ਕਰਨ ਵਾਲੇ ਹਨ ਅਤੇ ਏਸ ਪ੍ਰਸੰਨਤਾ ਦੁਆਰਾ ਮਹਿਜ਼ ਆਪਣੀ ਵਡਿਆਈ ਹੀ ਕਰਦੇ ਹਨ ਕੋਈ ਐਸਾ ਭੀ ਭੇਖੀ ਅਨਮਤੀ ਹੈ ਜੋ ਆਮ ਲੋਕਾਂ ਨੂੰ ਰੀਝਾਉਣ ਲਈ ਸਾਰੀ ਸਾਰੀ ਰਾਤ ਸੌਂਦਾ ਹੀ ਨਹੀਂ ਅਤੇ ਜਾਗ ਜਾਗ ਕੇ ਦਿਖਾਉਂਦਾ ਹੈ ਤੇ ਜਾਗ੍ਰਤਾ ਸਦਾਉਂਦਾ ਹੈ। ਇਸ ਪਰਕਾਰ ਦਾ ਐਸਾ ਭੀ ਆਨਮਤੀ ਫ਼ਿਰਕਾ ਹੈ ਜੋ ਤੀਰਥਾਂ ਵਿਚਿ ਨ੍ਹਾਈ ਜਾਣ ਨੂੰ ਹੀ ਮੁਕਤ ਮਾਰਗੀ ਸਮਝਦਾ ਹੈ ਜੋ ਨਿਰ ਆਹਾਰ ਵਰਤ ਕੇ ਤੇ ਭੁਖਾ ਰਹਿ ਕੇ ਦਿਨ ਕਟੀ ਕਰਦਾ ਹੈ। ਐਸਾ ਭੀ ਇਕ ਫ਼ਿਰਕਾ ਹੈ ਜੋ ਲੁਕੇ ਫਿਰਨ ਨੂੰ ਹੀ ਅਤੇ ਕਿਸੇ ਨੂੰ ਦਰਸ਼ਨ ਨ ਦੇਣ ਨੂੰ ਹੀ ਤੱਤ ਦਰਸੀ ਆਪ ਰਸ ਕਹਾਉਂਦਾ ਹੈ, ਏਹਨਾਂ ਉਪਰ ਦਸੇ ਮਨਮਤੀ ਫ਼ਿਰਕਿਆਂ ਵਿਚੋਂ ਕਿਸੇ ਨੇ ਭੀ ਆਪਣੇ ਆਪ ਨੂੰ ਘਟ ਨਹੀਂ ਸਦਾਇਆ। ਸਾਰੇ ਹੀ ਕਹਿੰਦੇ ਹਨ ਕਿ ਅਸੀਂ ਪਾਇਆ ਪਰ ਪਾਇਆ ਕਿਸੇ ਨੇ ਨਹੀਂ ਯਥਾ 'ਸੋਈ ਅਜਾਣੁ ਕਹੈ ਮੈ ਜਾਨਾ ਜਾਨਣ ਹਾਰੁ ਨ ਛਾਨਾ ਰੇ' ਜਿਸ ਨੂੰ ਵਾਹਿਗੁਰੂ ਆਪ ਕਿਰਪਾ ਕਰ ਕੇ ਗੁਰੂ ਦੁਆਰਾ ਗੁਰ ਦੀਖਿਆ ਦੀ ਕਮਾਈ ਦੁਆਰਾ ਆਪਣੇ ਸਰੂਪ ਦਾ ਸਚਾ ਮਿਲਾਪ ਬਖਸ਼ੇ ਓਹੀ ਸਚਾ ਭਗਤ ਹੈ। ਗੁਰ ਪਰਮਾਣ 'ਭਗਤੁ ਤੇਰਾ ਸੋਈ ਤੁਧੁ ਭਾਵੇ ਜਿਸਨੋ


www.AKJ.org

ਤੂੰ ਰੰਗੁ ਧਰਤਾ।' ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਮੈਂ ਕੇਵਲ ਤੇਰਾ ਬੰਦਾ ਹਾਂ। ਸਭ ਉਕਤੀਆਂ ਸ਼ਕਤੀਆਂ ਉਪਾਵਾਂ ਨੂੰ ਤਿਆਗ ਕੇ ਕੇਵਲ ਤੇਰੀ ਸ਼ਰਨ ਆਇਆ ਹਾਂ। ਇਹੀ ਕੇਵਲ ਨਿਰੋਲ ਗੁਰਮਤਿ ਹੈ। ਉਪਰਲੇ ਦਸੇ ਸਾਰੇ ਪਖੰਡ ਕਿਰਿਆ ਵਾਲੇ ਸਭ ਮਨਮਤਿ ਭਰੇ ਆਨਮਤੀ ਅਸ਼ਟੰਡ ਹਨ ਜੀਹਨਾਂ ਤੋਂ ਕਖ ਭੀ ਲਾਭ ਨਹੀਂ ਬਲਕਿ ਪਰਮਾਰਥ ਤੋਂ ਸੁੰਞੇ ਰਹਿਣ ਦਾ ਹੀਲਾ ਹੈ।

ਸਰੈ ਸਰੀਅਤਿ ਕਰਹਿ ਬੀਚਾਰੁ। ਬਿਨੁ ਬੂਝੇ ਕੈਸੇ ਪਾਵਹਿ ਪਾਰੁ। ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ। ਜਿਹਿ ਧਿਰ ਦੇਖਾ ਤਿਹ ਧਿਰਿ ਮਉਜੂਦੁ।

ਤੱਤ ਵਿਆਖਿਆ:—ਮੁਸਲਮਾਨੀ ਮੱਤ ਦੇ ਸ਼ਰਾਹ ਸ਼ਰੀਅਤ ਦੇ ਮਸਲੇ ਵਾਹਿਗੁਰੂ ਦੀ ਵੀਚਾਰ ਦੇ ਆਪੋ ਆਪਣੇ ਟਪਲ ਤਾਂ ਲਾਉਂਦੇ ਹਨ ਪ੍ਰੰਤੂ ਵਾਹਿਗੁਰੂ ਦੇ ਨਾਮ ਰੂਪੀ ਤੱਤ ਵੀਚਾਰ ਨੂੰ ਨਹੀਂ ਬੁਝਦੇ ਇਸ ਲਈ ਏਹਨਾਂ ਮਸਲਿਆਂ ਦੁਆਰਾ ਪਾਰ ਉਤਾਰਾ ਕੈਸੇ ਹੋਵੇ। ਜ਼ਮੀਨ ਉਤੇ ਮੱਥਾ ਟੇਕ ਕੇ ਸਿਜਦਾ ਕਰਨ ਨਾਲੋਂ ਹਿਰਦੇ ਅੰਦਰਿ ਹੀ ਵਾਹਿਗੁਰੂ ਨਾਮ ਦੀ ਸਿਦਕ ਮਈ ਸ਼ਰਧਾ ਨੂੰ ਧਾਰਨ ਕੀਤਾ ਜਾਵੇ ਅਤੇ ਮਨ ਨੂੰ ਅਸਥਿਰ ਰਖਣ ਨੂੰ ਹੀ ਮੱਕਾ ਮਖਸੂਸ ਕੀਤਾ ਜਾਵੇ ਫੇਰ ਗੁਰਮਤਿ ਅਨੁਸਾਰ ਅੰਤਰਿ ਚਾਨਣਾ ਹੋਣ ਕਰਕੇ ਹਰ ਕੂੰਟ ਵਿਖੇ ਹੀ ਜਿਧਰ ਦੇਖੋ ਵਾਹਿਗੁਰੂ ਹੀ ਵਾਹਿਗੁਰੂ ਦਾ ਵਜੂਦ ਮੌਜੂਦ ਦਿਸਦਾ ਹੈ। ਪਰਤੱਖ ਨਜ਼ਰੀ ਆਉਂਦਾ ਹੈ।

ਪਉੜੀ ੪ ॥ ਸਿਰੀ ਰਾਗ ਦੀ ਵਾਰ

ਸਪਤ ਦੀਪ ਸਪਤ ਸਾਗਰਾ ਨਵਖੰਡ ਚਾਰਿ ਵੇਦ ਦਸ ਅਸਟ ਪੁਰਾਣਾ ॥ ਹਰਿ ਸਭਨਾ ਵਿਚਿ ਤੂੰ ਵਰਤਦਾ ਹਰਿ ਸਭਨਾ ਭਾਣਾ ॥ ਸਭਿ ਤੁਝੈ ਧਿਆਵਹਿ ਜੀਅ ਜੰਤ ਹਰਿ ਮਾਰਗ ਪਾਣਾ ॥ ਜੋ ਗੁਰਮੁਖਿ ਹਰਿ ਆਰਾਧਦੇ ਤਿਨ ਹਉ ਕੁਰਬਾਣਾ॥ ਤੂੰ ਆਪੇ ਆਪਿ ਵਰਤਦਾ ਕਰਿ ਚੋਜ ਵਿਡਾਣਾ ॥

ਵਿਆਖਿਆ:—ਗੁਰੂ ਰੂਪ ਵਾਹਿਗੁਰੂ ਨੂੰ ਸਭ ਪਰਕਾਰ ਦੇ ਅਨਮਤੀ ਲੋਗ ਇਉਂ ਨਹੀਂ ਪਾ ਸਕਦੇ ਜਿਵੇਂ ਉਪਰ ਸਿਜਦਾ ਆਦਿਕ ਕਰਮਾਂ ਨਾਲਿ ਮੁਸਲਮਾਨੀ ਮਤ ਵਾਲੇ ਲੋਗ ਪਾਇਆ ਲੋੜਦੇ ਹਨ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਵਾਹਿਗੁਰੂ ਸਰੂਪ ਸਤਿਗੁਰੂ ਤਾਂ ਮਿਲਦਾ ਹੈ ਜਾਂ ਗੁਰਮਤਿ ਦੀਖਿਆ ਅਭਿਆਸ ਕਰਨੀ ਦੁਆਰਾ ਅਭਿਆਸੀ ਜਨ ਜਗਿਆਸੂ ਦਾ ਮਨੂਆ ਅਸਥਿਰ ਰਹੇ ਤਾਂ ਜ਼ਾਹਰਾ ਜ਼ਹੂਰ ਨੂਰ ਦੇ ਹਜ਼ੂਰੀ ਦਰਸ਼ਨ ਪਾ ਸਕਦਾ ਹੈ। ਇਸ ਸੁਣੀ ਸੁਣਾਈ ਗਿਆਤ ਦੇ ਤਾਂ ਸਭ ਅਨਮਤੀ ਲੋਗ ਵਾਕਫ ਹਨ ਕਿ ਸਤਾਂ ਹੀ ਦੀਪਾਂ ਅਤੇ ਸਤਾਂ ਹੀ ਸਮੁੰਦਰਾਂ ਅਤੇ ਨਵਾਂ ਹੀ ਖੰਡਾਂ ਚੌਹਾਂ ਵੇਦਾਂ ਅਤੇ ਅਠਾਰਾਂ ਪੁਰਾਣਾਂ ਵਿਖੇ ਵਾਹਿਗੁਰੂ ਵਿਆਪਕ ਹੈ। ਵਾਸਤਵ ਵਿਚ ਹੇ ਵਾਹਿਗੁਰੂ ਤੂੰ ਚਾਹੇ ਸਭਨਾਂ ਦੇ ਭਾਣੇ ਸਾਰਿਆਂ ਵਿਚ ਹੀ ਵਰਤਦਾ ਹੈ ਜਿਤਨੇ ਭੀ ਜੀਅ ਜੰਤ ਹਨ ਹੇ ਵਾਹਿਗੁਰੂ ਸਭ ਤੈਨੂੰ ਹੀ ਧਿਆਉਂਦੇ ਜਾਪਦੇ ਹਨ ਗੁਰੂ ਨਾਨਕ ਸਾਹਿਬ ਕੇਵਲ ਤਿਨਾਂ ਵਿਟਹੁੰ ਹੀ ਕੁਰਬਾਨ ਜਾਂਦੇ ਹਨ ਜੋ ਜਨ ਗੁਰੂ ਦੁਆਰਾ ਵਾਹਿਗੁਰੂ ਦਾ ਅਰਾਧਨ ਕਰਦੇ ਹਨ। ਤਿਨ੍ਹਾਂ ਆਰਾਧਨ ਹਾਰੇ ਗੁਰਮੁਖਾਂ ਦੇ ਅੰਤਸ਼ਕਰਨ ਅੰਦਰਿ ਤੂੰ ਪਰਤੱਖ ਹੋਕੇ ਆਪ ਅਸਚਰਜ ਕੌਤਕ ਵਰਤੌਂਦਾ ਹੈਂ। ਇਸ ਗੁਰਵਾਕ ਅੰਦਰਿ ਪਹਿਲੀਆਂ ਤੁਕਾਂ ਵਿਖੇ ਚਾਰ ਵੇਦ ਅਠਾਰਾਂ ਪੁਰਾਣਾਂ ਦਾ ਜ਼ਿਕਰ ਆਉਂਦਾ ਹੈ ਇਸ ਜ਼ਿਕਰ ਤੋਂ ਏਹਨਾਂ ਆਨਮਤੀ ਪੁਸਤਕਾਂ (ਵੇਦ ਪੁਰਾਣ ਦਾ ਵਿਧਾਨ ਹਰਗਿਜ਼ ਸਿਧ ਨਹੀਂ ਹੁੰਦਾ ਬਲਕਿ ਸਾਧਾਰਣ ਕੁਦਰਤੀ ਪਸਾਰੇ ਦੇ ਪਸਰਾਉ ਅੰਦਰਿ ਆਉਣ ਕਰਕੇ ਏਹਨਾਂ ਦਾ ਸਰਸਰੀ ਜ਼ਿਕਰ ਹੀ ਆਇਆ ਹੈ। ਚਾਹੇ ਪਰਤੱਖ ਕਰਕੇ ਨਿਖਧਤ ਨਹੀਂ ਭਾਸਦਾ ਪਰ ਸਿੱਟਾ ਨਿਖੇਧੀ ਵਾਲਾ ਹੀ ਨਿਕਲਦਾ ਹੈ।

ਮਹਲਾ ੩ ਸਿਰੀ ਰਾਗੁ ਕੀ ਵਾਰ ॥

ਪੜਿ ਪੜਿ ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ ॥ ਦੂਜੈ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ ॥ ਜਿਨਿ ਜੀਉ ਪਿੰਡੁ ਦਿਤਾ ਤਿਸੁ


www.AKJ.Org

ਫਾਹਾ ਗਲਹੁ ਨ ਕਟੀਐ ਫਿਰਿ ਫਿਰਿ ਆਵੈ ਜਾਇ ॥ ਮਨਮੁਖਿ ਕਿਛੂ ਨ ਸੂਝੇ ਅੰਧੁਲੇ ਪੂਰਬਿ ਲਿਖਿਆ ਕਮਾਇ ॥ ਪੂਰੇ ਭਾਗਿ ਸਤਿਗੁਰੂ ਮਿਲੈ ਸੁਖਦਾਤਾ ਨਾਮੁ ਵਸੈ ਮਨਿ ਆਇ ॥

ਬੇਦ ਵੇਤਾ ਪੰਡਿਤ ਲੋਗ ਬੇਦਾਂ ਨੂੰ ਪੜ੍ਹ ਪੜ੍ਹ ਕੇ ਵਖਾਣਦੇ ਹਨ। ਵਾਸਤਵ ਵਿਚਿ ਬੇਦਾਂ ਵਿਚਿ ਮਾਇਆ ਮੋਹ ਦਾ ਸੁਆਉ ਹੀ ਭਰਿਆ ਪਇਆ ਹੈ ਇਸ ਕਰਕੇ ਵੇਦ ਪੜ੍ਹਨ ਹਾਰਿਆਂ ਅਤੇ ਵੇਦਾਂ ਦੇ ਸੁਨਣ ਹਾਰਿਆਂ ਦੇ ਪੱਲੇ ਕੁਛ ਨਹੀਂ ਪੈਂਦਾ। ਵੇਦਾਂ ਵਿਖੇ ਕੇਵਲ ਦੂਜੇ ਭਾਇ ਦਾ ਹੀ ਪਸਾਰਾ ਵਰਤਦਾ ਹੈ। ਵਾਹਿਗੁਰੂ ਦੇ ਨਾਮ ਦਾ ਜ਼ਿਕਰ ਮਾਤਰ ਭੀ ਨਹੀਂ ਤਾਂ ਤੇ ਵੇਦ ਵਖਾਨਣਹਾਰੇ ਮੂਰਖਾਂ ਦੇ ਮਨ, ਮੂਰਖ ਹੀ ਰਹਿਦੇ ਹਨ ਤੇ ਮਨ ਮੂਰਖ ਸਜ਼ਾ ਮਿਲਦੀ ਹੈ। ਜਿਸ ਵਾਹਿਗੁਰੂ ਜੀਉ ਪਿੰਡ ਦੀ ਬਖਸ਼ਿਸ਼ ਕੀਤੀ ਹੈ ਤੇ ਜੋ ਸਭ ਸਾਨੂੰ ਰਿਜਕ ਪਹੁੰਚਾਉਂਦਾ ਹੈ ਤਿਸ ਨੂੰ ਮੂਰਖਾਂ ਦਾ ਮਨੂਆ ਕਦੇ ਨਹੀਂ ਚੇਤਦਾ। ਇਸ ਕਰਕੇ ਜਮ ਦਾ ਫਾਹਾ ਮੂਰਖ ਮਨ ਦੇ ਗਲੋਂ ਕਦੇ ਨਹੀਂ ਕਟੀ ਦਾ ਮੁੜ ਮੁੜ ਕੇ ਆਉਣ ਜਾਣ ਵਿਚਿ ਮੁਬਤਲਾ ਰਹਿੰਦਾ ਹੈ। ਗੁਰਮਤਿ ਅਨੁਸਾਰ ਐਸੇ ਮੂਰਖ ਮਨ ਦੇ ਮਾਲਕ ਨੂੰ ਹੀ ਮਨਮੁਖ ਕਹੀਦਾ ਹੈ। ਗੁਰਮਤਿ ਹੀਣ ਅੰਧਲੇ ਮਨਮੁਖ ਨੂੰ ਪਰਮਾਰਥ ਦੀ ਸੂਝ ਬੂਝ ਕੁਛ ਨਹੀਂ ਸੁਝਦੀ। ਪੂਰਬਲੇ ਕਰਮਾਂ ਦਾ ਅੰਕੂਰ ਹੀ ਐਸਾ ਲਿਖਿਆ ਹੁੰਦਾ ਹੈ। ਪੂਰੇ ਭਾਗ ਕਰਕੇ ਸਤਿਗੁਰੂ ਸੁਖਦਾਤੇ ਦੀ ਪਰਾਪਤੀ ਹੋਵੇ ਤਾਂ ਮਨ ਵਿਚਿ ਨਾਮ ਆ ਕੇ ਵਸਦਾ ਹੈ। ਅਜੇਹੇ ਵਡਭਾਗੇ ਜਨ ਜਿਹਨਾਂ ਅੰਦਰਿ ਨਾਮ ਆ ਵਸਦਾ ਹੈ ਓਹ ਸਦਾ ਹੀ ਸੁਖ ਪਾਵੰਦੇ ਹਨ।

ਸਲੋਕ ਮਹਲਾ ੩ ॥ ਪੰਡਿਤ ਪੜਿ ਪੜਿ ਉਚਾ ਕੂਕਦਾ ਮਾਇਆ ਮੋਹੁ ਪਿਆਰੁ ॥ ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖ ਗਵਾਰੁ ॥ ਦੂਜੈ ਭਾਇ ਜਗਤ ਪਰਬੋਧਦਾ ਨ ਬੂਝੈ ਵੀਚਾਰੁ ॥ ਬਿਰਥਾ ਜਨਮੁ ਗਵਾਇਆ ਮਰਿ ਜੰਮੈ ਵਾਰੋ ਵਾਰ ॥

ਵੇਦਾਂ ਦੇ ਪੜ੍ਹਨਹਾਰਾ ਵੇਦ ਬਕਤਾ ਪੰਡਿਤ ਵੇਦਾਂ ਨੂੰ ਪੜ੍ਹ ਪੜ੍ਹ ਕੇ ਉਚੀ ਉਚੀ ਕੂਕਦਾ ਹੈ ਪਰ ਉਸਦੇ ਪੱਲੇ ਮਾਇਆ ਮੋਹ ਰੂਪੀ ਪਿਆਰ ਹੀ ਪੈਂਦਾ ਹੈ ਕਿਉਂਕਿ ਵੇਦਾਂ ਅੰਦਿਰ ਮਾਇਆ ਮੋਹ ਪਸਾਰਾ ਹੀ ਭਰਿਆ ਪਿਆ ਹੈ ਤਾਂ ਤੇ ਵੇਦ ਪੜ੍ਹਨ ਸੁਨਣ ਹਾਰਾ ਪੰਡਿਤ ਮਨ ਕਰ ਕੇ ਮੂਰਖ ਗਵਾਰ ਹੀ ਰਹਿੰਦਾ ਹੈ। ਆਪਨੇ ਅੰਤਰਿ ਗਤਿ ਨੂੰ ਨਹੀਂ ਚੀਨਦਾ ਅਤੇ ਨਾਹੋਂ ਚੀਨ ਸਕਦਾ ਹੈ। ਦੂਜੇ ਭਾਇ ਵਿਚ ਹੀ ਰਹਿੰਦਾ ਹੈ। ਇਸ ਦਵੈਤ ਭਾਵ ਦੀ ਸਿਖਿਆ ਹੀ ਸੁਨਣ ਹਾਰਿਆਂ ਨੂੰ ਦਿੰਦਾ ਹੈ। ਆਪਣਾ ਆਪ ਨਹੀ ਪਰਬੋਧਦਾ। ਜਗਤ ਪਰ-ਬੋਧਣ ਵਿਚ ਹੀ ਰਸਿਆ ਰਹਿੰਦਾ ਹੈ ਤੇ ਜੰਮਦਾ ਮਾਰਦਾ ਰਹਿੰਦਾ ਹੈ।

# ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਮਾਗਮ

ਸਾਲਾਨਾਂ ਸ਼ਹੀਦੀ ਗੁਰਪੁਰਬ ਪਾਤਸ਼ਾਹੀ ਪੰਜਵੀਂ ਦਾ ਹਰ ਸਾਲ ਦੀ ਤਰਾਂ ਇਸ ਸਾਲ ਵੀ ਕੁਮਾਰ ਹਟੀ ਡਗਸ਼ਈ ਅਤੇ ਸ਼ਿਮਲਾ ਵਿਖੇ 18 ਮਈ ਤੋਂ 25 ਮਈ ਤਕ ਮਨਾਇਆ ਜਾਵੇਗਾ ਪੂਰਾ ਪ੍ਰੋਗਰਾਮ ਅਗਲੇ ਪਰਚੇ ਸੂਰਾ ਵਿਚ ਦਿਤਾ ਜਾਵੇਗਾ।

ਦਾਸਰੇ—ਅਖੰਡ ਕੀਰਤਨੀ ਜੱਥੇ ਕੁਮਾਰ ਹਟੀ, ਡਗਸ਼ਈ, ਅਤੇ ਸ਼ਿਮਲਾ


www.AKJ.Org

# ਖਾਲਸਾ ਮੇਰੋ ਰੂਪ ਹੈ ਖਾਸ

(ਭਾਈ ਮਨਜੀਤ ਸਿੰਘ ਰਾਜਸਥਾਨ ਐਟੋਮਿਕ ਪਾਵਰ ਪ੍ਰਾਜਕਟ, ਰਾਵਤਭਾਟਾ ਕੋਟਾ)

ਘੋਰ ਕਲਜੁਗ ਦੇ ਸਮੇਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਿਥਵੀ ਤੇ ਅਵਤਾਰ ਧਾਰਨ ਕਰਕੇ ਇਸ ਜਗਤ ਜਲੰਦੇ ਨੂੰ ਠਾਰਨ ਖਾਤਰ ਸਾਨੂੰ ਮਨਮੁਖੀ ਜੀਵਾਂ ਨੂੰ ਇਕ ਅਕਾਲ ਪੁਰਖ ਦੇ ਲੜ ਲਾਕੇ ਅਤੇ ਜ਼ਾਤ ਪਾਤ ਦੇ ਭੇਦ ਭਾਵ ਖਤਮ ਕਰਕੇ ਸਿੱਖ ਧਰਮ ਦੀ ਨੀਂਹ ਰੱਖੀ। ਇਸੇ ਬੂਟੇ ਦੀ ਬਾਣੀ ਦੇ ਪਵਿੱਤਰ ਪਰਵਾਹ ਦੁਆਰਾ ਅਤੇ ਆਪਣਾ ਪਵਿਤਰ ਖੂਨ ਵਹਾ ਵਹਾ ਕੇ ਰੱਖਿਆ ਕਰਦੇ ਕਰਦੇ ਦਸਵੇਂ ਜਾਮੇਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਧਰਮ ਦੀ Final finishing ਖਾਲਸਾ ਪੰਥ ਦੇ ਰੂਪ ਵਿੱਚ ਕੀਤੀ।

ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹਾਦਤ ਉਪਰੰਤ, ਉਹਨਾਂ ਦੇ ਪਵਿੱਤਰ ਪਾਵਨ ਸ਼ਰੀਰ ਦਾ ਸਹੀ ਸਨਮਾਨ ਅਤੇ ਗੁਰ ਮਰਯਾਦਾ ਅਨੁਸਾਰ ਸਸਕਾਰ ਨਾ ਹੋਣਾ, ਭਾਵੇਂ ਹਾਲਾਤ ਕਾਰਨ ਤੇ ਸਮੇਂ ਦੀ ਅਧਰਮੀ ਸਰਕਾਰ ਕਾਰਨ ਜਾਇਜ਼ ਕਿਹਾ ਜਾ ਸਕੇ, ਪਰ ਇਸੇ ਕਮਜ਼ੋਰੀ ਨੂੰ ਹੀ ਦਿਲਾ 'ਚੋਂ ਹਮੇਸ਼ਾ ਲਈ ਕੱਢ ਮਾਰਨ ਵਾਸਤ ਸਿੱਖਾਂ ਨੂੰ ਸਿੰਘ ਸਜਾਇਆ, ਭਾਵ ਓਪਰੀ ਸ਼ਖ਼ਸੀਅਤ (Physical appearance) ਭੀ ਹੋਰ ਸਭ ਨਾਲੋਂ ਵੱਖ—ਨਾ ਛੁਪਣ, ਨਾ ਭੁਲੇਖਾ ਪਾਣੀ ਵਾਲੀ ਰੱਖਣ ਦੀ ਹੁਕਮੀ ਹਦਾਇਤ ਕੀਤੀ, ਅਤੇ ਆਪਣੇ ਆਪ ਨੂੰ ਨਾ ਛੁਪਾਣ—ਨਾ ਲੁਕਾਣ, ਨਿਰਭਉ ਤੇ ਨਿਰਵੈਰ ਬਨਾਉਣ ਵਾਸਤੇ ਤੇ ਮਨ ਦੀਆਂ ਕਮਜ਼ੋਰੀਆਂ ਦੂਰ ਕਰਨ ਵਾਸਤੇ--ਖੰਡੇ ਦੀ ਪਾਹੁਲ ਅੰਮ੍ਰਿਤ ਦਾਤ ਦਿੱਤੀ,ਉਹ ਅਮੋਲਕ ਅੰਮ੍ਰਿਤ ਦਾਤ ਜਿਸ ਨੂੰ ਸੁਰ ਨਰ ਮੁਨ ਜਨ, ਜੁਗਾਂ ਜੁਗਾਂਤਰਾਂ ਤੋਂ ਘੋਰ ਤਪੱਸਿਆਵਾਂ ਹੱਠ ਤੱਪ ਸਾਧ ਕੇ ਭੀ ਨਹੀਂ ਪਾ ਸਕੇ।

ਅੰਮ੍ਰਿਤ ਛਕ ਕੇ, ਤਿਆਰ ਬਰ ਤਿਆਰ ਹੋ, 'ਗੁਰ ਕਹੇ ਸੁ ਕਾਰ ਕਮਾਇ ਜੋਓ' ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚ ਤੇ ਸੁਚੱਜੇ ਸਪੂਤ ਬਣ ਸਕਣਾ ਅਤਿ ਕਠਨ ਹੈ, ਤ ਕੋਈ ਵਿਰਲਾ ਹੀ ਵਡਭਾਗਾ ਹੋ ਸਕਦਾ ਹੈ, ਕਿਉਂਕਿ ਗੁਰੂ ਸਾਹਿਬ ਆਪਣੇ ਗੁਰਸਿੱਖ ਨੂੰ, ਜੋ ਰਹਿਤ ਬਹਿਤ 'ਚ ਪੱਕਾ ਹੋਵੇ, ਖਾਲਸਾ ਯਾਨੀ ਕਿ ਖਾਲਸ-ਸ਼ੁੱਧ ਦਾ ਰੁੱਤਬਾ ਦੇਂਦੇ ਹਨ ਅਤੇ ਉਸ ਖਾਲਸੇ ਦੀ ਉਸਤਤ ਕਰਨ ਤੋਂ ਵੀ ਆਪਣੇ ਆਪ ਨੂੰ ਅਸਮਰਥ ਦੱਸਦੇ ਹਨ—ਯਥਾ ਗੁਰਵਾਕ—

ਉਪਮਾ ਖਾਲਸੇ ਜਾਤ ਨਾ ਕਹੀ-ਜਿਹਵਾ ਏਕ ਪਾਰ ਨਹ ਲਹੀ
ਰੋਮ ਰੋਮ ਜਿਹ ਰਸਨਾ ਪਾਊ ਤਦਪ ਖਾਲਸਾ ਜਸ ਓਹਿ ਗਾਊ

ਅਤੇ ਇਸੇ ਤਰਾਂ ਦੇ ਪਰਪੱਕ ਗੁਰਮੁਖ ਖਾਲਸਾ ਜਾਂ ਨੂੰ ਹੀ 'ਓਹ ਸਾਹਿਬ ਮੈਂ ਉਸਕਾ ਚੇਰਾ' ਕਹਿ ਕੇ ਨਿਵਾਜਦੇ ਹਨ। ਇਥੇ ਹੀ ਬਸ ਨਹੀਂ, ਸ਼ਾਹਿ ਸ਼ਾਹਨਸ਼ਾਹ, ਨਾਸਰੋ ਮਨਸੂਰ, ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਦੀ ਉਪਮਾਂ ਕਰਦੇ ਕਰਦੇ ਅੰਤ ਵਿਚ ਗੁਰੂ ਨਾਨਕ ਦੇਵ ਜੀ ਦੀ ਸੌਂਹ ਖਾਕੇ ਉਚਾਰਦੇ ਹਨ, ਕਿ ਮੈਂ ਖਾਲਸੇ ਦੀ ਉਸਤਤ ਕਿਸੇ ਲੱਗ ਲਪੇਟ, ਚਾਪਲੂਸੀ


www.AKJ.Org

ਜਾਂ ਖੁਸ਼ਾਮਦ ਕਰਕੇ ਨਹੀਂ ਕਰ ਰਹਿਆ, ਸਗੋਂ ਅਟੱਲ ਸਚਾਈ ਕਹਿ ਰਿਹਾਂ ਹਾਂ—ਯਥਾ ਮੁਖਵਾਕ—ਯਾ ਮੈਂ ਰੰਚ ਨ ਮਿਥਿਆ ਭਾਖੀ ॥
ਪਾਰਬ੍ਰਹਮ ਗੁਰੂ ਨਾਨਕ ਸਾਖੀ ॥

ਪਰ ਉਸ ਖਾਲਸੇ ਦਾ ਸਰੂਪ ਕੀ ਹੈ ? ਉਹ ਹੈ—

ਜਾਗਤ ਜੋਤ ਜਪੈ ਨਿਸ ਬਾਸੁਰ, ਏਕ ਬਿਨਾਂ ਮਨ ਨੈਕ ਨ ਆਨੈ
ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ।
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾਂ ਨਹਿ ਏਕ ਪਛਾਨੈ
ਪੂਰਨ ਜੋਤ ਜਗੈ ਘਟ ਮੈਂ, ਤਬ ਖਾਲਸ ਤਾਹਿ ਨਖਾਲਸ ਜਾਨੈ

ਇਤਿਹਾਸ ਗਵਾਹ ਹੈ ਕਿ ਇਤਨੇ ਗੁਣਾਂ ਭਰਪੂਰ ਖਾਲਸੇ ਨੇ ਹੀ ਆਪਣੇ ਗੁਰੂ ਸਿਰ ਸ਼ਾਹਾਂ ਪਾਤਸ਼ਾਹ ਦੀ ਓਟ ਆਸਰਾ ਲੈਕੇ—ਸਵਾ ਲਖ ਸੇ ਏਕ ਲੜਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ' ਦੇ ਗੁਰੂ ਸਾਹਿਬ ਦੇ ਸੰਕਲਪ ਨੂੰ ਦੁਨੀਆਂ ਸਾਹਵੇਂ ਸੱਚ ਸਿੱਧ ਕੀਤਾ। ਚਮਕੌਰ ਦੀ ਲੜਾਈ ਅਤੇ 40 ਮੁਕਤਿਆਂ ਦਾ ਬੀਰਤਾ ਪੂਰਬਕ ਲੱਖਾਂ ਦੀ ਗਿਣਤੀ ਦੇ ਟਿੱਡੀ ਦਲ ਦਾ ਮੁਕਾਬਲਾ ਅਤੇ ਹਰਾਣਾ, ਗੁਰੂ ਕ੍ਰਿਪਾ ਦੁਆਰਾ ਖਾਲਸੇ ਦੀ ਤਾਕਤ ਦੀ ਦੁਨੀਆਂ ਦੇ ਅੰਤ ਤੱਕ ਰਹਿਣ ਵਾਲੀ ਅਭੁੱਲ ਤੇ ਇਕੋ ਇਕ ਮਿਸਾਲ ਹੈ। ਲੱਖਾਂ ਸਿੰਘਾਂ ਸਿੰਘਣੀਆਂ ਦੀਆਂ ਧਰਮ ਹੇਤ ਕੁਰਬਾਨੀਆਂ, ਆਲੂਆਂ ਵਾਂਗ ਉਬਲਦੇ ਪਾਣੀ 'ਚ ਉਬਾਲੇ ਖਾਣੇ, ਚਰਖੜੀਆਂ ਤੇ ਚੜ੍ਹਨਾ, ਬੰਦ ਬੰਦ ਕਟਵਾਉਣ ਵਾਲੇ ਖਾਲਸੇ ਤੋਂ ਹੀ ਤਾਂ ਦੇਗ ਤੇਗ ਦੇ ਧਨੀ, ਸ਼ਸਤਰਾਂ ਦੇ ਉਪਾਸ਼ਕ, ਨਾਮ ਦੇ ਦਾਤਾਰ ਦੀਨ ਦੁਨੀ ਦੇ ਮਾਲਕ, ਆਪਣੇ ਚਾਰੋਂ ਪਿਆਰੇ ਲਾਲ ਘੋਲ ਘੁਮਾ ਕੇ—"ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ" ਉਚਾਰਦੇ ਹਨ।

ਅੱਜ ਦੇ ਹਾਲਾਤ ਅੰਦਰ, ਜਦ ਕਿ ਸਿਖ ਸਜਨਾਂ ਵਿੱਚ ਨਾਮ ਬਾਣੀ ਦਾ ਪਿਆਰ, ਗੁਰੂ ਘਰ ਪ੍ਰਤੀ ਸ਼ਰਧਾ, ਪਰਸਪਰ ਪ੍ਰੇਮ ਭਾਵ ਘਟਦੇ ਜਾ ਰਹੇ ਹਨ, ਅਤੇ ਬੁਰੀਆਂ ਆਦਤਾਂ, ਜੈਸਾ ਕਿ ਕੇਸਾਂ ਦੀ ਬੇਅਦਬੀ, ਸ਼ਰਾਬਾਂ ਸਿਗਰਟਾਂ ਦਾ ਇਸਤੇਮਾਲ ਵਧ ਰਹੀਆਂ ਹਨ, ਫਿਰ ਭੀ ਸਿਖਾਂ ਦਾ ਪੁਰਾਣਾ ਇਤਿਹਾਸ ਉਹਨਾਂ ਦਾ ਮਾਣ ਬਾਕੀ ਦੁਨੀਆਂ 'ਚ ਬਣਾਈ ਰੱਖ ਰਿਹਾ ਹੈ, ਪਰ ਵੇਖਣ ਵਾਲੀ ਗੱਲ ਇਹ ਹੈ ਕਿ ਇਹਨਾਂ ਗਿਰਾਵਟਾਂ ਕਾਰਨ ਅਸੀਂ ਕਿੰਨਾ ਕੁ ਚਿਰ ਆਪਣੇ ਆਪ ਨੂੰ ਇਸ ਮਾਣ ਦੇ ਪਾਤਰ ਬਣਾ ਸਕਾਂਗੇ। ਹੋਰ ਅੱਗੇ ਚਲ ਕੇ ਸਾਡੀ ਕੌਮੀ ਅਣਖ ਬਰਾਬਰ ਨਹੀਂ ਰਹਿ ਸਕੇਗੀ, ਕਿਉਂਕਿ ਕਿਸੇ ਧਰਮ ਵਿਚ ਅਸੂਲਾਂ ਦੀ ਕਮਜ਼ੋਰੀ ਆ ਜਾਣਾ ਬਹੁਤ ਮੰਦੇ ਭਾਗਾਂ ਦੀ ਗੱਲ ਹੈ। ਅੰਗਰੇਜ਼ੀ ਰਾਜ ਵਿਚ ਸਿਖ ਸਿਪਾਹੀਆਂ ਨੂੰ ਧਾਰਮਕ ਸੁਤੰਤ੍ਰਤਾ ਸੀ, ਅਤ ਧਰਮ ਵਿਚ ਪ੍ਰਪੱਕ ਰਹਿਣ ਵਾਸਤੇ ਕਦੇ ਰੁਕਾਵਟਾਂ ਨਹੀਂ ਬਣੀਆਂ, ਜੇ ਕੋਈ ਰੁਕਾਵਟ ਬਣੀ ਭੀ, ਤਾਂ ਜਲਦੀ ਹੀ ਦੂਰ ਕੀਤੀ ਜਾਂਦੀ ਰਹੀ ਹੈ, ਪਰ ਅੱਜ ਅਸੀਂ ਹੋਰਾਂ ਤੇ ਟੀਕਾ ਟਿਪਣੀ ਕਰਨ ਦੀ ਬਜਾਏ ਆਪਣ ਆਪ ਨੂੰ ਹੀ ਨਿੰਦਣਾਂ ਹੈ, ਕਿਉਂਕਿ ਕਮਜ਼ੋਰੀ ਸਾਡੇ ਵਿੱਚ ਆ ਰਹੀ ਹੈ ਦੂਜੇ ਲੋਕ ਤਾਂ ਸਿਰਫ ਉਸਦਾ ਫਾਇਦਾ ਉਠਾ ਰਹੇ ਹਨ। ਮਸਾਲ ਦੇ ਤੌਰ ਤੇ ਜੇ ਇਕ ਗਡੀ ਵਿੱਚ ਕੋਈ ਪੱਗ ਬੱਨੀਂ ਬੈਠਾ 'ਸ਼ਕਲੀ ਸਿੱਖ' ਸਿਗਰਟ ਪੀ ਰਿਹਾ ਹੋਵੇ, ਤਾਂ ਅਸੀਂ ਕਿਸੇ ਹੋਰ ਨੂੰ ਕੀ ਕਹਿ ਕੇ ਸਿਗਰਟ ਪੀਣ ਤੋਂ ਵਰਜ ਸਕਦੇ ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਕਥਨ ਅਨੁਸਾਰ—

'ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਉ ਮੈਂ ਸਾਰਾ ॥
ਜਬ ਇਹ ਗਹੈ ਬਿਪਰਨ ਕੀ ਰੀਤ ॥
ਮੈਂ ਨਾ ਕਰੋਂ ਇਨ ਕੀ ਪ੍ਰਤੀਤ ॥

ਤਾਂ ਤੇ ਇਹ ਜ਼ਰੂਰੀ ਸਮਝਿਆ ਜਾਵੇਗਾ ਕਿ ਅਗਰ ਅਸੀਂ ਅਪਣੀ ਆਉਂਣ ਵਾਲੀਆਂ ਪੀੜ੍ਹੀਆਂ ਨੂੰ ਸਿੱਖ ਧਰਮ ਦੇ ਅਨੁਸਾਰੀ ਬਨਾਉਣਾ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਪਾ ਦੇ ਪਾਤਰ ਬਣੇ ਰਹਿਣਾ ਹੈ, ਤਾਂ ਜਰੂਰ ਆਪਣੇ ਮਨ ਨੂੰ ਜੋ ਕੁਰਾਹੇ ਪੈ ਚੁੱਕਾ ਹੈ, ਹੋੜ ਕੇ ਗੁਰੂ ਚਰਨ ਵਿੱਚ ਲਾਉਂਣਾ ਹੈ। ਸਾਨੂੰ ਜ਼ਮਾਨੇ ਸਾਜ਼ੀ ਦੇ ਰਾਗ ਰੰਗ ਜੋ ਕਿਸੇ ਦੇ ਨਾਲ ਨਹੀਂ ਨਿਭਣੇ, ਛੱਡਕੇ ਗੁਰੂ ਘਰ ਦਾ ਆਸਰਾ ਲੈਣਾ ਚਾਹੀਦਾ ਹੈ ਤਾਂ ਜੋ ਇਸ ਜਨਮ ਨੂੰ ਸੁਹੇਲਾ ਕਰ ਸਕੀਏ।

ਇਸ ਢਹਿੰਦੀ ਕਲਾ ਚੋਂ ਬਾਹਰ ਆਉਣ ਵਾਸਤੇ ਸਭ ਨਾਲੋਂ ਪਹਿਲੀ ਪੌੜੀ ਹੈ—ਆਪਸੀ ਪ੍ਰੇਮ ਪਿਆਰ, ਇਕ ਦੂਜੇ ਪ੍ਰਤੀ ਵਿਸ਼ਵਾਸ,


www.AKJ.Org

ਆਦਰ ਅਤੇ ਗੁਰਬਾਣੀ ਨੂੰ ਸ਼ਰਧਾ ਪ੍ਰੀਤੀ ਸੁਣਨਾ, ਪੜ੍ਹਨਾ ਅਤੇ ਅਮਲ ਕਰਨ ਦੀ ਵਾਹਿਗੁਰੂ ਤੋਂ ਮੰਗ ਮੰਗਣੀ। ਜਿੱਥੇ ਦਿਨ ਰਾਤ ਕਮਾਈ ਕਰਦੇ, ਸਭ ਲੋਕਾਂ ਦੀ ਜੀ ਜੀ ਕਰਦੇ ਤੇ ਗਾਣੇ ਗਾਂਦੇ ਸੁਣਦੇ ਸਮਾਂ ਬਤੀਤ ਕਰਦੇ ਹਾਂ, ਉਥੇ ਉਸ ਅਕਾਲ ਪੁਰਖ ਵਾਹਿਗੁਰੂ ਦੇ ਗੁਣ ਗਾਇਣ ਕਰਨੇ ਭੀ ਸਾਡਾ ਫਰਜ਼ ਹੈ. ਜਿਸ ਦੀ ਕ੍ਰਿਪਾ ਦੁਆਰਾ ਅਸੀਂ ਇਸ ਜਗ ਦੇ ਵੰਨ ਸੁਵੰਨੇ ਆਨੰਦ ਰਸ ਭੋਗ ਰਹੇਹਾਂ ਸਾਨੂੰ ਬਾਣੀ ਹੀ ਪੜ੍ਹਨ ਸੁਨਣ ਦੀ ਚਾਹ ਹੋਣੀ ਚਾਹੀਦੀ ਹੈ, ਜਿਸ ਤਰ੍ਹਾਂ ਕਿ ਹੁਕਮ ਭੀ ਹੈ—

ਊਠਤ ਬੈਠਤ ਸੋਵਤ ਧਿਆਈਐ ॥
ਮਾਰਗਿ ਚਲਤ ਹਰੇ ਹਰਿ ਗਾਈਐ ॥
ਦਿਨ ਭੀ ਗਾਵਉ ਰੈਨੀ ਗਾਵਉ ॥
ਗਾਵਉ ਸਾਸਿ ਸਾਸਿ ਰਸਨਾਰੀ ॥

ਅੱਜ ਤੋਂ ਦਸ ਪੰਦਰਾਂ ਸਾਲ ਪਹਿਲਾਂ ਰਾਗੀ ਪ੍ਰਚਾਰਕ ਗੁਰਬਾਣੀ ਦਾ ਸ਼ਬਦ ਕੀਰਤਨ ਹੀ ਕਰਦੇ ਸਨ, ਪਰ ਹੁਣ ਪਹਿਲਾਂ ਸ਼ੁਰੂ 'ਚ ਇਕ ਛੋਟਾ ਜਿਹਾ ਸ਼ਬਦ ਪੜ੍ਹਕੇ ਪ੍ਰਸੰਗ ਕਹਾਣੀਆਂ ਤੇ ਕਵਿਤਾਵਾਂ ਚਾਲੂ ਹੋ ਜਾਂਦੀਆਂ ਹਨ, ਅਤੇ ਇਨ੍ਹਾਂ ਕਹਾਣੀਆਂ ਵਿੱਚ ਕਈ ਵਾਧੂ ਘਾਟੂ ਗੱਲਾਂ ਭੀ ਸਿਰਫ ਲੋਕਾਂ ਦੇ ਦਿਲ ਮਾਇਆ ਅਰਦਾਸ ਕਰਾਉਣ ਲਈ ਮੋਮ ਕਰਨ ਲਈ ਕਹਿ ਜਾਂਦੇ ਹਨ। ਪਰ ਇਸ ਗਿਰਾਵਟ ਦੇ ਜ਼ੁਮੇਵਾਰ ਰਾਗੀ ਪ੍ਰਚਾਰਕ ਨਹੀਂ, ਅਸੀਂ ਸਭ ਹਾਂ। ਸਾਡਾ ਆਪਣਾ ਆਚਰਣ ਖਤਮ ਹੋ ਰਿਹਾ ਹੈ, ਨਿਰਬਾਣ ਕੀਰਤਨ 'ਚ ਸਾਨੂੰ ਖਿੱਚ ਨਹੀਂ ਪੈਂਦੀ ਅਤੇ ਰਾਗੀ ਪ੍ਰਚਾਰਕਾਂ ਨੂੰ ਸਾਡੀ ਖੁਸ਼ੀ ਪ੍ਰਾਪਤ ਕਰਨ ਲਈ ਗੁਰਬਾਣੀ ਦ ਅਥਾਹ ਸਮੁੰਦਰ ਚੋਂ ਸ਼ਬਦ ਚੁਣਨ ਦੀ ਥਾਂ ਕੱਚੀਆਂ ਪੱਕੀਆਂ ਕਵਿਤਾਵਾਂ ਬਨਾਉਣ ਲਈ ਖਪਾਈ ਕਰਨੀ ਪੈਂਦੀ ਹੈ। ਤਾਂ ਤੇ ਸਭ ਤੋਂ ਪਹਿਲਾਂ ਆਪਣੇ ਆਪ ਵਿੱਚ ਗੁਰਬਾਣੀ ਪ੍ਰਤੀ ਸ਼ਰਧਾ ਪੈਦਾ ਕਰਨੀ ਅਤੇ ਵਾਹਿਗੁਰੂ ਤੋਂ ਭੀ ਇਹੀ ਦਾਤ ਮੰਗਣੀ ਜ਼ਰੂਰੀ ਹੈ

ਹਰਿ ਜੀਉ ਕ੍ਰਿਪਾ ਕਰਹੁ ਤੁਮ ਪਿਆਰੇ ॥
ਸਤਿਗੁਰ ਦਾਤਾ ਮੇਲਿ ਮਿਲਾਵਹੁ ਹਰਿ ਨਾਮੁ ਦੇਵਹੁ ਆਧਾਰੇ
ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ
ਹਰਿ ਦੀਜੈ ਨਾਮੁ ਪਿਆਰੀ ਜੀਉ ॥

ਗੁਰ ਕ੍ਰਿਪਾ ਦੁਆਰਾ ਇਸ ਨਾਮ ਰੂਪੀ ਦਾਤ ਨੂੰ ਪਾਕੇ ਹੀ ਅਸੀਂ ਗੁਰੂ ਦੇ ਸਿੱਖ ਕਹਾਉਣ ਲਾਇਕ ਹੋ ਸਕਾਂਗੇ। ਗੁਰੂ ਦੇ ਪੂਰਨ ਸਿੰਘ ਖਾਲਸਾ ਬਨਣਾ ਤਾਂ ਬਹੁਤ ਹੀ ਮੁਸ਼ਕਿਲ ਹੈ ਅਤੇ ਕੋਈ ਵਿਰਲਾ ਸੱਜਣ ਪਿਆਰਾ ਹੀ ਜਿਸਤੇ ਦਾਤਾਰ ਆਪ ਮਿਹਰ ਕਰੇ ਖਾਲਸਈ ਬਖ਼ਸ਼ਸ਼ ਪਾ ਸਕਦਾ ਹੈ। ਜਿਸ ਖਾਲਸੇ ਬਾਰੇ ਗੁਰੂ ਸਾਹਿਬ ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸੱਜਨ ਸੂਰਾ— ਉਚਾਰਦੇ ਹਨ ਉਹ ਤਾਂ ਅਸੀ ਜਗਿਆਸੂ ਜਨਮ ਜਨਮਾਂਤਰਾਂ ਵਿਚ ਭੀ ਨਹੀਂ ਹੋ ਸਕਦੇ ਪਰ ਕੁਝ ਨਾ ਕੁਝ ਕਰਨਾ ਤਾਂ ਸਾਡਾ ਸਭ ਦਾ ਫ਼ਰਜ਼ ਹੈ। ਜਦ ਦੁੱਖ ਵਲੇ ਮੰਨਤਾਂ ਮਨੌਣ ਗੁਰੂ ਘਰ ਆ ਜਾਂਦੇ ਹਾਂ ਅਤੇ 'ਦੀਨ ਦਇਆਲ ਦਇਆ ਨਿਧਿ ਦੇਖਨ, ਦੇਖਤ ਹੈ ਪਰ ਦੇਤ ਨਾ ਹਾਰੈ. ਉਸੇ ਤਰਾਂ ਸਾਡਾ ਫਰਜ਼ ਹੈ ਕਿ ਹਰ ਰੋਜ਼ ਗੁਰਦੁਆਰੇ ਦੀ ਹਾਜ਼ਰੀ ਭਰਕੇ ਦਸਾਂ ਗੁਰ ਸਾਹਿਬਾਨ ਦੇ ਹਾਜ਼ਰਾ ਹਜ਼ੂਰ ਜ਼ਾਹਰਾ ਜ਼ਹੂਰ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿਤਰ ਦਰਸ਼ਨ ਦੀਦਾਰੇ ਕਰੀਏ ਅਤੇ ਗੁਰਵਾਕ ਅਨੁਸਾਰ— ਤੁਧ ਡਿਠ ਸਚੇ ਪਾਤਸ਼ਾਹ ਮਲ ਜਨਮ ਜਨਮ ਦੀ ਕਟੀਐ॥

ਅੱਜ ਕੱਲ ਕਈ ਵੀਰਾਂ ਦੇ ਵਿਚਾਰ ਹਨ, ਕਿ ਸਾਨੂੰ ਆਪਣੇ ਅਸੂਲਾਂ 'ਚ ਕੁਝ ਢਿਲ ਦੇ ਕੇ Modevnization ਕਰਨੀ ਚਾਹੀਦੀ ਹੈ ਤਾਂ ਕਿ ਬਾਹਰਲੇ ਧਰਮਾਂ ਵਿਚ ਭੀ ਅਸੀਂ ਪ੍ਰਚਾਰ ਕਰਕੇ ਆਪਣੇ ਵੱਲ ਖਿੱਚ ਸਕੀਏ ਪਰ ਗੁਰੂ ਗੋਬਿੰਦ ਸਿੰਘ ਜੀ ਗਿਣਤੀ 'ਚ ਵਾਧਾ ਨਹੀਂ ਚਾਹੁੰਦੇ ਉਹ ਤਾਂ ਫਰਮਾਉਂਦੇ ਹਨ—'ਰਹਿਣੀ ਰਹੇ ਸੋਈ ਸਿੱਖ ਮੇਰਾ ਉਹ ਸਾਹਿਬ ਮੈ ਉਸਕਾ ਚੇਰਾ'—

ਸੋ ਇਸ ਫੁਰਮਾਨ ਮੁਤਾਬਿਕ ਸਾਨੂੰ ਆਪਣਾ ਹੀ ਆਚਰਣ ਹੀ ਉਚਾ ਕਰਨਾ ਚਾਹੀਦਾ ਹੈ, ਅਤੇ ਸਾਡਾ ਅੱਛਾ ਆਚਰਣ ਹੀ ਅਰਥਾਤ ਮਨ ਨੀਵਾਂ ਮਤ ਉਚੀ ਦੂਸਰਿਆਂ ਲੋਕਾਂ ਨੂੰ ਸਿੱਖ ਧਰਮ ਵੱਲ ਅਪਾਣੇ ਆਪ ਮਿਕਨਾਤੀਸ ਵਾਂਗ ਖਿੱਚੇਗਾ ਨਾਕਿ ਮਾਡਰੇਸ਼ਨ ਦੇ ਹਾਵ ਭਾਵ।


www.AKJ.Org

# ਗੁਰਸਿੱਖ ਮੀਤ

(ਵਲੋਂ –ਗਿ: ਦਲਜੀਤ ਸਿੰਘ 'ਕਮਲ' ਨਾਮਿਕ)

ਭਾਵੇਂ ਸੰਸਾਰ ਅੰਦਰ ਮਿਤਰਤਾ ਦੀ ਕੋਈ ਹੱਦ ਨਹੀਂ। ਇਹ ਮਿਤ੍ਰਤਾ ਬਹੁਤ ਤੋਂ ਬਹੁਤ ਦੁਨੀਆਂ ਦੀਆਂ ਵਿਚੋ ਵਿਚ ਫਾਹੀਆਂ ਦਾ ਕਾਰਨ ਬਣ ਜਾਂਦੀ ਏ, ਪਰ ਉਸ ਪਿਆਰੇ ਅਕਾਲ ਪੁਰਖ ਨੂੰ ਸਜਣ ਤੇ ਉਸ ਦੇ ਸਨੇਹੀਆਂ ਨਿਕਟ ਵਰਤੀਆਂ ਨੂੰ ਮਿਤ੍ਰ ਬਣਾਣਾ ਇਹ ਦਾਤ ਤੇ ਵਡੇ ਭਾਗਾਂ ਨਾਲ ਹੀ ਪ੍ਰਾਪਤ ਹੁੰਦੀ ਏ, ਅਜ ਨੌਂ ਸਾਲਾਂ ਬਾਹਦ ਪਰਮ-ਗੁਰ ਸਿੱਖ ਨਾਮ-ਜੰਪਦੜੀ-ਲਾਲੀ ਦੇ ਮਾਲਕ-ਹਰਮਨ-ਪਿਆਰੇ ਪਰਮ-ਹਿਤੈਸ਼ੀ ਨਾਮ-ਰਤੜੇ ਪੰਥ-ਰਤਨ ਗੁਰਮੁਖਿ ਉਚੀ, ਸੁਚੀ, ਆਤਮਾ ਪਰਮ-ਮਿਤ੍ਰ ਗੁਰ-ਸਿਖ ਮੀਤ ਸਤਿਕਾਰ ਯੋਗ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ,ਜਿਨ੍ਹਾਂ ਬਜ਼ੁਰਗੀ ਦਾ ਮਾਣ ਦੇਂਦਿਆਂ ਬਾਪੂ ਜੀ ਹੀ ਕਹਿ ਸਤਕਾਰਿਆ ਕਰਦਾ ਸਾਂ। ਉਹਨਾਂ ਦੀ ਪਿਆਰੀ ਬ੍ਰਿਹੋਂ ਕੁਠੜੀ ਯਾਦ ਅੰਦਰ ਮਨ ਆਪੇ ਤੋਂ ਬਾਹਰ ਹੋ ਤੜੱਪ ਉਠਿਆ ਵੇ ਤੇ ਲੋਕ-ਪ੍ਰਲੋਕ ਅੰਦਰ ਮਿਤ੍ਰਤਾਈ ਸਾਂਝ ਰਖਣਵਾਲੇ ਮਹਾਨ-ਸਾਜਨ-ਮੀਤ ਦੀ ਸਾਲਾਨਾ ਯਾਦ ਨ ਹਿਰਦੇ ਨੂੰ ਟੁੰਬ ਜਗਾਇਆ ਤੇ ਜਦੋਂ 'ਸੂਰੇ' ਵਿਚ ਦਾਸਰੇ ਨੇ ਇਹ ਪੜ੍ਹਿਆ ਕੇ ਅਗਲਾ ਅੰਕ ਆਪਜੀ ਦੀ ਸਲਾਨਾ ਯਾਦ-ਅੰਦਰ ਹੀ ਛਪੇਗਾ। ਮਨ-ਕਾਬੂ ਤੋਂ ਬਾਹਰ ਹੋ ਕੁਝ--ਸਮਾਂ ਗਵਾਚ ਗਿਆ-ਆਪਾ ਭੁਲ ਗਿਆ ਰੋਮ-ਰੋਮ ਅੰਦਰ ਝਰਨਾਟਾਂ ਛਿੜ ਪਈਆਂ। ਨੂਰਾਨੀ-ਮੁਖੜੇ-ਵਾਲੇ ਮਹਾਨ-ਤੇਜਸਵੀ ਦੇ ਦੀਦਾਰਿਆਂ ਦੀਆਂ ਯਾਦਾਂ ਰੁਮਕ ਉਠੀਆਂ ਮਨ ਨੂੰ ਕਾਬੂ ਅੰਦਰ ਕਰ ਕਲਮ ਫੜ ਅਤਿ ਗੁਰਮੀਤ ਦੀ ਯਾਦ ਅੰਦਰ ਕੁਝ



(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)


www.AKJ.Org

ਲਿਖਣਾ ਸ਼ੁਰੂ ਕੀਤਾ। ਧੰਨ ਹਨ ਮੇਰੇ ਗੁਰੂ ਨਾਨਕ ਦੇਵ ਜੀ ਮਹਾਰਾਜ, ਧੰਨ ਹਨ ਕਲਗੀਧਰ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਹਨਾਂ ਨੇ ਇਸ ਆਤਮਾ ਨੂੰ ਨਾਮ-ਅਮੋਲਕ ਅੰਮ੍ਰਿਤ ਦੀ ਦਾਤ ਬਖਸ਼ ਨਦਰੀ ਨਦਰ ਨਿਹਾਲ ਕਰ ਆਪਣੇ ਪਿਆਰੇ ਨੂੰ ਭਗਤ-ਸਿਰਪਾਉ ਦੇ ਕੇ ਨਿਵਾਜਿਆ ਤੇ ਗੁਰਮੁਖਿ ਦੀ ਪਦਵੀ ਤੇ ਪੰਥ ਦੀ ਜਥੇਦਾਰੀ ਬਖਸ਼ ਉਚੀਆਂ ਅਟਾਰੀਆਂ ਦੇ ਵਾਸੀ ਬਣਾਕੇ ਭਵ ਸਾਗਰੋਂ ਪਾਰ ਕੀਤਾ। ਪੁਗ ਗਏ, ਲਾਈਆਂ ਤੋੜ ਨਿਭਾ ਗਏ। ਸਿੱਖੀ ਸਿਦਕ ਵਿਚ ਪੂਰੇ ਉਤਰ ਪੂਰੇ ਗੁਰੂ ਦੀਆਂ ਹੁਕਮੀ ਕਾਰਾਂ ਨੂੰ ਕਰਦੇ ਹੋਇ ਸਚੇ ਸੇਵਕ ਬਣ ਦਰਗਹ ਅੰਦਰ ਸੁਰਖੁਰੂ ਹੋ ਤੁਰ ਪਏ ਅਜ ਉਹਨਾਂ ਦੀ ਯਾਦ ਲਖਾਂ ਹੀ ਪ੍ਰਾਣੀਆਂ ਦੇ ਹਿਰਦਿਆਂ ਕਿ ਬਿਹਬਲ ਕਰ ਰਹੀ ਹੈ। ਮੇਰੀਆਂ ਮਿਤਰਤਾ ਦੀਆਂ ਗੰਢਾਂ ਭਾਈ ਸਾਹਿਬ ਨਾਲ ਕਿੰਨੀਆਂ ਕੁ ਸਨ ਇਹ ਮੈਂ ਕੁਝਕੁ ਵੰਨਗੀ ਮਾਤਰ ਕਲਮ ਬੰਧ ਕਰਨ ਦਾ ਯਤਨ ਕਰਕੇ ਪਿਆਰੇ ਪਾਠਕਾਂ ਦੇ ਹਸਤ-ਕਮਲਾਂ ਦੀ ਛੋਹ ਪਰਾਪਤ ਕਰਾਕੇ ਅਪਣੇ ਪਿਆਰੇ ਮਹਿਬੂਬ ਮਿਤਰ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕਾਂ ਤੇ ਲਖ-ਲਖ ਹੀ ਸ਼ੁਕਰ ਹੈ:—

ਮੇਰੇ ਮਨ ਅੰਦਰ ਸੰਤਾਂ ਭਗਤਾਂ ਗਰਸਿਖਾਂ ਦੇ ਦਰਸ਼ਨ ਦੀਆਂ ਬਹੁਤ ਹੀ ਖਿਚਾਂ ਰਹਿੰਦੀਆਂ ਸਨ ਮਾਤਾ ਪਿਤਾ ਜੀ ਸਿਖਿਆ ਤੇ ਘਰ ਦੇ ਅੰਦਰੋਂ ਗੁਰਮਤ, ਗੁੜ੍ਹਤੀ ਮਿਲਣ ਕਰਕੇ ਗੁਰ ਸਿੱਖੀ ਉਤੇ ਅਥਾਹ ਸ਼ਰਦਾ ਤੇ ਪਿਆਰ ਦੇ ਵਲਵਲੇ ਹਿਰਦੇ ਅੰਦਰ ਮੌਜੂਦ ਸਨ। ਸਾਡੇ ਪਰਮ ਪੂਜ ਪਿਤਾ ਭਾਈ ਸਾਹਿਬ ਜੈ ਸਿੰਘ ਬਹੁਤ ਮਹਾਨ ਤਪਸਵੀ ਹੋਏ ਹਨ ਤੇ ਪਹਿਲਾਂ ਉਦਾਸੀਨ ਰਹਿ ਸਤਲੁਜ ਦੇ ਕੰਢੇ ਘਾਟੀਆਂ ਵਿਚ ਬੈਠ ਘੋਰ ਤਪ ਸਾਹਦੇ ਫ਼ਿਰ ਤੱਤ ਖਾਲਸਾ ਅਕਾਲੀ ਸਿੰਘ ਸਜੇ ਤੇ ਪਰਮ-ਪੂਜ ਮਾਤਾ ਬਸੰਤ ਕੌਰ ਜੀ 1915 ਵਿਚ ਹੀ ਸਾਬਤ-ਸੂਰਤ-ਦਸਤਾਰ ਸਿਰਾ ਦੇ ਧਾਰਨੀ ਸਨ।

## ਘਰੋਂ ਪਰੇਰਨਾ

ਦਾਸਰੇ ਦਾ ਜਨਮ 1935 ਵਿਚ ਹੋਇਆ ਉਹਨਾਂ ਦਿਨਾਂ ਅੰਦਰ ਮਾਤਾ ਪਿਤਾ ਜੀ ਸਰਬਲੋਹ ਬਬੇਕ ਦੇ ਧਾਰਨੀ ਸਨ। ਇਸ ਪਿਛੋਕੜ ਦਾ ਇਸ ਅਧਮ ਪਤੰਗ ਕੀਟ ਤੇ ਡਾਹਢਾ ਅਸਰ ਸੀ ਘਰੋਂ ਮਨ ਉਚਾਟ ਹੋਇਆ ਤੇ ਢੂੰਡ ਕੀਤੀ ਤੇ ਕੋਈ ਐਸਾ ਸੰਤ ਵਡਿਭਾਗੀ ਮਿਲ ਜਾਏ ਜਿਹਨਾਂ ਨਾਲ ਲਗ ਇਹ ਪਾਪੀ ਲੋਹਿਆ ਵੀ ਭਵਸਾਗਰੋਂ ਪਾਰ ਹੋ ਜਾਵੇਂ, ਬਹੁਤ ਸੰਤ ਸਾਧ ਟੋਲੇ ਲਭ ਅਪਣੀ ੨ ਥਾਂ ਘਟ ਵੀ ਕੋਈਨਹੀਂ ਸੀ ਅਖਵਉਂਦਾ, ਪਰ ਮੇਰੀ ਕਿਉਂ ਕਰ ਤੇ ਕਿਵੇਂ ਤਸੱਲੀ ਹੁੰਦੀ ਕਿਉਂਕਿ ਦਾਸ ਪਖੰਡ ਭਰਮਾਂ ਤੋਂ ਨਿਰੋਲ ਪੂਰਣ ਤਤਵੇਤਾ ਸ੍ਰਿਸ਼ਟ ਜਨਾਂ ਨੂੰ ਪਿਆ ਲਭਦਾ ਸੀ। ਸਾਡੇ ਵਡੇ ਵੀਰ ਗਿ: ਸ਼ਮਸ਼ੇਰ ਸਿੰਘ ਜੀ ਹੋਰਾਂ ਨਾਰੰਗਵਾਲ ਤੇ ਹੋਰ ਕਈ ਇਕ ਥਾਵਾਂ ਤੇ ਭਾਈ ਸਾਹਿਬ ਦੇ ਕੀਰਤਨ ਸਰਵਣ ਕੀਤੇ ਸਨ। ਉਹਨਾਂ ਦਾਸ ਨੂੰ ਕਹਿਣਾ ਦਲਜੀਤ ਸਿੰਘ ਬਈ ਤੂੰ ਬਹੁਤ ਮਹਾਂ ਪੁਰਸ਼ਾਂ ਦੀ ਸਗਤ ਕੀਤੀ ਏ ਪਰ ਇਕ ਵਾਰੀ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਹੋਰਾਂ ਦੇ ਵੀ ਦੀਦਾਰ ਕਰੋ। ਕੀਰਤਨ ਸਰਵਣ ਕਰੋ ਨਿਰੋਲ ਅਲਾਹੀ-ਬਾਣੀ ਦਾ ਕੀਰਤਨ ਤੇ ਨਾਮ ਦੀਆਂ ਧੁਨੀਆਂ ਉਹ ਲਗਦੀਆਂ ਹਨ ਕੇ ਬਸ ਸਰੋਤਾ ਜਨ ਆਪਾ ਭੁਲ ਜਾਂਦੇ ਹਨ। ਸਭ ਸੰਗਤਾਂ ਕੀਰਤਨ-ਸਰੂਪ ਹੀ ਹੋ ਜਾਂਦੀਆਂ ਹਨ। ਦਾਸ ਨੇ ਕਹਿਣਾ ਚੰਗਾ ਵੀਰ ਜੀ ਜਦੋਂ ਸਮਾਂ ਮਿਲਿਆ ਮੈਂ ਜ਼ਰੂਰ ਦਰਸ਼ਨ ਕਰਾਂਗਾ। ਉਸ ਤੋਂ ਬਾਹਦ ਇਕ ਗੁਰਮੁਖਿ ਪਿਆਰੇ ਵੀਰ ਕਰਤਾਰ ਸਿੰਘ ਜੀ ਮਿਲੇ ਤੇ ਕਹਿਣ ਲਗੇ ਦਲਜੀਤ ਸਿੰਘ ਬਈ ਭਾਈ ਸਾਹਿਬ ਦੇ ਜਥੇ ਦਾ ਕੀਰਤਨ ਤੇ ਮੁਹਲੇਧਾਰ ਵਰਖਾ ਹੈ। ਸਭ ਗੰਦ ਮੰਦ ਰੋਹੜ ਕੇ ਪਾਪੀਆਂ ਜੀਵਾਂ ਦੀਆਂ ਆਤਮਾਵਾਂ ਤੇ ਵੀ ਡਾਹਢਾ ਅਸਰ ਕਰ ਜਾਂਦਾ ਹੈ।



www.AKJ.Org

# ਨੂਰੀ-ਚਮਤਕਾਰ

ਕਹਿਣ ਲਗੇ ਤੁਸੀਂ ਮੇਰੇ ਵਲ ਵੇਖੋ ਮੈਂ ਇਕ ਸਧਾਰਨ ਜੇਹਾ ਕਿਰਤੀ ਸਿੱਖ ਹਾਂ। ਮੇਰਾ ਦਿਲ ਤੇ ਨਹੀਂ ਸੀ ਚਾਹੁੰਦਾ ਕੋਈ ਗਲ ਕਰਾਂ ਪਰ ਅਜ ਪਤਾ ਨਹੀਂ ਜੋ ਚਿਰਾਂ ਤੋਂ ਗੋਹਝ ਬਾਤ ਹਿਰਦੇ ਦੀ ਤਹਿ ਅੰਦਰ ਛਿਪਾ ਕੇ ਰਖ ਛਡੀ ਸੀ। ਉਹੋ ਅਜ ਪਤਾ ਨਹੀਂ ਕਿਉਂ ਬਦੋ ਬਦੀ ਬਾਹਰ ਆ ਰਹੀ ਏ। ਲੈ ਵੀਰ ਧਿਆਨ ਦੇਕੇ ਸੁਣ ਇਕ ਦਿਨ ਭਾਈ ਜੀ ਆਪ ਕੀਰਤਨ ਕਰ ਰਹੇ ਸਨ ਬਹੁਤ ਸੰਗਤਾਂ ਦੀ ਭੀੜ ਸੀ ਤੇ ਦਾਸ ਵੀ ਚਿਟੀ ਚਾਦਰ ਦੀ ਬੁਕਲ ਮਾਰ ਕੀਰਤਨ ਸਰਵਣ ਕਰ ਰਹਿਆ ਸੀ। ਦਾਸ ਤੇ ਅਚਾਨਕ ਹੀ ਐਸੀ ਕਲਾ ਵਰਤੀ ਕੇ ਸਾਰੀ ਚਾਦਰ ਉਤੇ ਅਰਸ਼ਾ ਕੁਰਸ਼ਾ ਦਾ ਨੂਰ ਆ ਪਿਆ। ਪਹਿਲਾਂ ਮੈਂ ਸੋਚਿਆ ਸ਼ਾਇਦ ਮੇਰੀਆਂ ਅਖਾਂ ਹੀ ਟਪਲਾ ਖਾ ਰਹੀਆਂ ਹਨ ਜਾਂ ਮੈਂ ਸੁਪਨਾ ਦੇਖ ਰਿਹਾ ਇਹ ਨੂਰ ਕੀ ਸੀ ਮੇਰੇ ਪਾਤਸ਼ਾਹ ਦੀ ਅਥਾਹ ਤੇ ਅਪਾਰ ਹੀ ਬਖਸ਼ਸ਼ ਸੀ। ਇਕ ਇਕ ਤੰਦ ਉਤੇ ਵਾਹਿਗੁਰੂ ਨਾਮ ਤੇ ਜੋਤ ਸੀ ਫਿਰ ਜਦ ਮੈਂ ਚਾਦਰ ਵਿਚੋਂ ਹਥ ਬਾਹਰ ਕਢਿਆ ਉਹ ਵੀ ਜੋਤ ਤੇ ਨਾਮ ਨਾਲ ਰੋਮ ਰੋਮ ਭਰਪੂਰ ਸੀ। ਚਾਦਰ ਸਰੀਰ ਤੋਂ ਲਾਹ ਦਿਤੀ ਉਸਦਾ ਨੂਰ ਉਸ ਵੇਲੇ ਖ਼ਤਮ ਹੋ ਗਿਆ। ਪੈਰ ਦੇ ਅਗੂਠੇ ਤੋਂ ਲੈਕੇ ਸਿਰ ਦੀ ਚੋਟੀ ਤਕ ਸਾਰੇ ਸਰੀਰ ਦੀ ਇਹੋ ਹਾਲਤ ਸੀ,ਉਹ ਦਸ ਰਿਹਾ ਸੀ ਤੇ ਲੇਖਕ ਦੇ ਨੇਤਰਾਂ ਵਿਚ ਨਦੀਆਂ ਵਹਿ ਤੁਰੀਆਂ ਕਿ ਇਹੋ ਜਿਹੇ ਮਹਾਂਪੁਰਸ਼ਾਂ ਦੇ ਨੇੜੇ ਹੋ ਕੇ ਦਰਸ਼ਨ ਨਹੀਂ ਕੀਤੇ। ਇਸਤੋਂ ਬਾਹਦ ਕੀ ਹਸਣਾ ਤੇ ਕੀ ਸਵਣਾ ਇਥੋਂ ਤਕ ਕਿ ਨਵ ਵਿਆਹੀ ਧਰਮ ਪਤਨੀ ਨਾਲ ਵੀ ਘਟ ਵਧ ਹੀ ਬਚਨ ਬਿਲਾਸ ਕਰਨਾ। ਕੰਨਾਂ ਵਿਚ ਰੂੰ ਦੇ ਕੇ ਬੰਦ ਕਰ ਛਡਣੇ ਤੇ 12-30 ਵਜੇ ਉਠ ਅਸ਼ਨਾਨ ਪਾਨੇ ਸੋਧਕੇ ਮੋਹਲੇ ਧਾਰ ਮੀਹਾਂ ਅੰਦਰ ਬੈਠਾ ਭਾਈ ਸਾਹਿਬ ਜੀ ਦੇ ਦਰਸ਼ਨ ਤੇ ਵਾਹਿਗੁਰੂ ਜੀ ਦੇ ਨਾਮ ਦੀ ਯਾਦ ਵਿਚ ਮਸਤ ਰਹਿਣਾ ਸਮਾਂ ਬੀਤਦਾ ਗਿਆ। ਇਸ ਸਮੇਂ ਅੰਦਰ ਦਾਸ ਦੀ ਧਰਮ ਪਤਨੀ ਸਵਰਨ ਕੌਰ ਨੇ ਸੇਵਾ ਸਿਮਰਨ ਸਾਵਧਾਨਤਾ ਵਿਚ ਦਾਸ ਦਾ ਬਹੁਤ ਸਾਥ ਦਿਤਾ। ਬਖਸ਼ੀ ਰੂਹ ਭਾਈ ਸਾਹਿਬ ਭਾਈ ਦਰਸ਼ਨ ਜੀ ਡਿਪਟੀ ਡਰੈਕਟਰ ਅਤੇ ਮਹਾਨ ਉਚ ਆਤਮਾ ਪੂਰਨ ਜੀ ਬੰਬਈ ਪੁਜ ਗਏ। ਇਹਨਾਂ ਦਿਨਾਂ ਅੰਦਰ ਪੂਰਨ ਜੀ ਦਾ ਕਿਵੇਂ ਤੇ ਕਿਹੜੇ ਰੰਗ ਵਿਚ ਨਿਆਰਾ ਮਿਲਾਪ ਹੋਇਆ ਉਹ ਦਾਸ ਕਿਸੇ ਹੋਰ ਪੁਸਤਕ ਵਿਚ ਜ਼ਿਕਰ ਕਰੇਗਾ ਬਸ ਇਹ ਸਮਝੋ ਕਿ ਇਹ ਮੇਹਰਾਂ ਦੇ ਮੀਂਹ ਦੀਆਂ ਨਿਸ਼ਾਨੀਆਂ ਪੁਜ ਚੁਕੀਆਂ ਸਨ। ਵੀਰ ਪੂਰਨ ਜੀ ਹੋਰਾਂ ਤੇ ਦਰਸ਼ਨ ਸਿੰਘ ਜੀ ਹੋਰਾਂ ਤੇ ਤੜਪ ਦੀਆਂ ਰੂਹਾਂ ਕਠੀਆਂ ਕਰ ਲਈਆਂ ਤੇ ਖੂਬ ਕੀਰਤਨ ਸਮਾਗਮ ਅਰੰਭੇ,ਛੇਤੀ ਹੀ ਭਾਈ ਸਾਹਿਬ ਜੀ ਹੋਰਾਂ ਨੂੰ ਬੇਨਤੀ ਪੱਤਰ ਭੇਜ ਕੇ ਬੰਬਈ ਸਦਿਆ। ਉਹ ਵੀ ਇਹ ਜਾਣਦੇ ਸਨ ਕਿ ਸਾਡੇ ਇਹ ਪ੍ਰਦੇਸਾਂ ਅੰਦਰ ਅਖੀਰਲੇ ਹੀ ਕੀਰਤਨ ਅਤੇ ਸਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਦੇ ਦੀਦਾਰ ਹਨ। ਬੇਅੰਤ ਸੰਗਤਾਂ ਸਮੇਤ ਸ੍ਰੀ ਜੀ ਇਥੇ ਪੁਜ ਗਏ ਤੇ ਪਕਾ ਉਤਾਰਾ ਬਜਾਜ਼ ਟੈਕਸਟਾਈਲ ਮਿਲ ਭਾਂਡੁਪ ਵਿਚ ਹੋਇਆ ਦਾਸ ਉਹਨਾਂ ਦਿਨਾਂ ਵਿਚ ਸਿਵਰੀ ਬੋਰੀ ਬਿਲਡਿੰਗ ਬੰਬਈ 15 ਵਿਖੇ ਜੀਵਨ ਦੀ ਯਾਤਰਾ ਦਾ ਸ਼ਫ਼ਰ ਤਹਿ ਕਰ ਰਹਿਆ ਸੀ। ਕੁਝਕੁ ਘਰੇਲੂ ਰੁਝੇਵੇਂ ਐਸੇ ਪੈ ਗਏ ਜਿਸ ਉਡੀਕ ਵਾਸਤੇ ਦਰਸ਼ਨਾਂ ਵਾਸਤੇ ਔਰ ਤਪ ਤੇ ਅਰਦਾਸਾਂ ਕੀਤੀਆਂ, ਪਰ ਸਮਾਂ ਔਣ ਤੇ ਗੈਰ ਹਾਜ਼ਰ ਰਿਹਾ ਤੇ ਵੈਸੇ ਉਹਨਾਂ ਦਿਨਾਂ ਵਿਚ ਸਭ ਕੁਝ ਗੁਪਤ ਹੋ ਰਿਹਾ ਸੀ, ਆਪਣੇ ਆਪ ਨੂੰ ਲੁਕ-ਛੁਪਾਕੇ ਰਖਣ ਦਾ ਹੀ ਯਤਨ ਕਰੀਦਾ ਸੀ। ਮਹਾਰਾਜ ਬਾਣੀ ਅੰਦਰ ਫੁਰਮਾਨ ਕਰਦੇ ਹਨ ਜੀਵ ਦੀ ਜੈਸੀ ਮਨ ਦੀ ਮਨਸ਼ਾ ਹੋਵੇ ਉਹੋ ਜੇਹੀ ਦਸ਼ਾ ਭਾਵ ਹਾਲਤ ਹੋ ਜਾਂਦੀਹੈ ਇਕ ਦਿਨ ਡਿਊਟੀ ਤੋਂ ਗੈਰ ਹਾਜ਼ਰ ਹੋਕੇ ਨੌਕਰੀ ਦੀ ਪਰਵਾਹ ਨਾ ਕਰਦੇ ਕੀਰਤਨ ਵਿਚ ਜਾਣ ਦਾ ਪਕਾ ਇਰਾਦਾ ਕੀਤਾ। ਉਸ ਦਿਨ ਕੀਰਤਨ ਖਾਲਸਾ ਸਭਾ ਮਟੂੰਗਾ ਬੰਬਈ ਵਿਖੇ ਸੀ। ਨਾਲ ਉਥੋਂ ਦੇ ਗੁਰਮੁਖਿ


www.AKJ.Org

ਪਿਆਰੇ ਗੁੰਥੀ ਭਾਈ ਸਾਹਿਬ ਗੰਗਾ ਸਿੰਘ ਜੀ ਦਾਸ ਦੇ ਬਹੁਤ ਚਿਰਾਂ ਦੇ ਮਿਤਰ ਸਨ ਉਹਨਾਂ ਵੀ ਕਹਾ ਕਿ ਅਜ ਦਲਜੀਤ ਸਿੰਘ ਕੀਰਤਨ ਵਿਚ ਜ਼ਰੂਰ ਆਵਣਾ ਹੈ ਜਦੋਂ ਕਰਤਾਰ ਨੇ ਬਿਧ ਜੋੜਨੀ ਹੋਵੇ ਪੂਰਨ-ਪੁਰਖ ਰਸਕ-ਬੈਰਾਗੀਆਂ ਦੇ ਦਰਸ਼ਨ ਬਖਸ਼ਣੇ ਹੋਵਣ ਤਾਂ ਬਹੁਤ ਰਾਹ ਕਢਕੇ ਬਦੋ ਬਦੀ ਹੀ ਸਦ ਲੈਂਦਾ ਹੈ। ਦਾਸ ਕਮਲਿਆਂ ਵਾਂਗ ਘਰੋਂ ਪੈਦਲ ਹੀ ਹੋ ਤੁਰਿਆ ਤੇ ਪਹਿਲੋਂ ਸ਼ਿਵਾ ਜੀ ਪਾਰਕ ਸਮੁੰਦਰ ਦੇ ਕਿਨਾਰੇ ਜਾਕੇ ਕਾਦਰ ਦੀ ਕੁਦਰਤ ਦੇ ਭਾਈ ਸਾਹਿਬ ਜੀ ਦੇ ਸ਼ਾਖਸ਼ਾਤ ਪਹਿਲੇ ਦਰਸ਼ਨ ਤੇ ਨੂਰੀ ਝਲਕਾਂ ਦੇ ਨਜ਼ਾਰੇ ਰੰਗਾਂ ਦਾ ਰੰਗ ਮਾਣਿਆ। ਇਥੇ ਪੁਜਦਿਆ ਪੁਜਦਿਆਂ ਵੀ ਦੁਪਹਿਰ ਆ ਪਹੁੰਚੀ। ਮਨ ਵਿਚ ਨੂਰੀ ਝਲਕਾਂ ਦੇ ਖਿਆਲ ਆਣ ਲਗ ਪਏ, ਬਸ ਫਿਰ ਕੀ ਸੀ ਜੋੜਾ ਉਤਾਰਿਆ ਤੇ ਚਰਨ ਗੰਗਾ ਵਾਲੀ ਥਾਂ ਤੇ ਪੈਰ ਹਥ ਧੋਤੇ। ਕੀਰਤਨ ਉਪਰਲੀ ਛੱਤੇ ਹੋ ਰਿਹਾ ਸੀ ਪਰ ਕੀਰਤਨ ਦੀਆਂ ਧੁਨੀਆਂ ਤੇ ਧਰਤ-ਅਕਾਸ਼ ਨੂੰ ਸਰਸ਼ਾਰ ਕਰੀ ਜਾਂਦੀਆਂ ਸਨ। ਸ਼ਬਦ ਪੜ੍ਹਿਆ ਜਾ ਰਿਹਾ ਸੀ (ਸਾਧ ਸੰਗਤਿ ਅਸਥਾਨੁ ਜਗਿ ਮਗਿ ਨੂਰ ਹੈ) ਦਾਸਰਾ ਦਰਵਾਜ਼ੇ ਵਿਚ ਪੁਜਾ ਹੀ ਸੀ ਕਿ ਇਕ ਦਮ ਪਿਛਲੀ ਦੁਨੀਆਂ ਇਉਂ ਜਾਪੀ ਜਿਵੇਂ ਉਪਰਲੀ ਛੱਤੋਂ ਉਪਰ ਚਲੀ ਗਈ ਜਾਂ ਥੱਲੇ ਪਤਾਲ ਵਿਚ। ਦਾਸਰਾ ਸਚ ਮੁਚ ਹੀ ਸਾਧ ਸੰਗ ਸਚ ਖੰਡ ਵਿਚ ਪੁਜ ਚੁਕਾ ਸੀ। ਉਹ ਦਰ ਜਿਸ ਦਰ ਕਾਰਨ ਹਉਂ ਰਾਤ ਦਿਨ ਉਦਾਸ ਤੇ ਪਪੀਹੇ ਵਾਂਗ ਕੁਰਲਾਂਦੇ ਮਛਲੀ ਵਾਂਗੇ ਤੜਫ ਤੜਫ ਉਡੀਕ ਵਿਚ ਫਿਰਦਾ ਸਾਂ ਸੋ ਮਿਲ ਗਿਆ, ਮਿਲਿਆ ਵੀ ਕੇਹਾ, ਵਾਹ ਵਾਹ "ਕਹਿਬੇ ਕੋ ਸੋਭਾ ਨਹੀ ਦੇਖਾ ਹੀ ਪਰਵਾਨ" ਹੈ। ਸਾਹਮਣੀ ਦੀਵਾਰ ਦੇ ਉਤੇ ਨੂਰੀ ਝਲਕਾਂ ਦਾ ਨੂਰ ਟਪਕਦਾ ਨਜ਼ਰੀਂ ਪਿਆ। ਦਾਸ ਨੇ ਸਮਝ ਲਿਆ ਕਿ ਸ਼ਾਇਦ ਮੈਂ ਬਾਹਰੋਂ ਧੁਪ ਵਿਚੋਂ ਆਇਆ ਹਾਂ ਇਸ ਕਰਕੇ ਕੋਈ ਝੌਲਾ ਪੈ ਰਿਹਾ ਹੈ, ਪਰ ਨਹੀਂ ਇਹ ਝੌਲਾ ਨਹੀਂ ਇਹ ਤੇ ਪਰਤਖ ਸੀ। ਪਾਏ ਦਾਨ ਤੇ ਪੈਰ ਪੂੰਜ ਕੇ ਜਦੋਂ ਖੱਬੇ ਪਾਸੇ ਵਲ ਮੂੰਹ ਮੋੜਿਆ ਸਤਿਗੁਰੂ ਜੀ ਦੀਆਂ ਬੀੜਾਂ ਜੋ ਬਹੁਤ ਸੁੰਦਰ ਪਾਲਕੀ ਅੰਦਰ ਦੀਦਾਰੇ ਬਖਸ਼ ਰਹੀਆਂ ਸਨ। ਅਜੇ ਅਖਾਂ ਕੋਈ ਪਤਾ ਕਰਨ ਲਗੀਆਂ ਸਨ ਕਿ ਸਜੇ ਪਾਸੇ ਬੈਠੀਆਂ ਸੰਗਤਾਂ ਦੇ ਚਿਹਰਿਆਂ ਵਲ ਤਕਿਆ ਕਿਆ ਅਚਰਜ ਖੇਲ ਵਰਤੀ ਸਾਰੇ ਹੀ ਸਰੋਤਾ ਜਨਾਂ ਦੇ ਮੁਖੜਿਆਂ ਤੇ ਇਲਾਹੀ ਨੂਰ ਸੀ। ਪਰ ਜਦੋਂ ਅਗੇ ਜਾ ਕੇ ਸਤਿਗੁਰੂ ਸਚੇ ਪਾਤਸ਼ਾਹ ਅਰਸ਼ਾਂ ਕੁਰਸ਼ਾਂ ਦੇ ਮਾਲਕ ਨੂੰ ਮਥਾ ਟੇਕ ਦਾਸ ਦੀ ਨਿਗਾਹ ਗੁਰੂ ਕੇ ਢਾਡੀਆਂ ਮਰ-ਜੀਵੜੇ ਗੁਰਸਿਖਾਂ ਦੇ ਚਿਹਰਿਆਂ ਤੇ ਪਈ। ਉਥੇ ਦੀਆਂ ਕਿਰਣਾਂ ਏਡੀਆਂ ਤੇਜ਼ ਮਈ ਸਨ ਕਿ ਲਖ ਲਖ ਚੰਦ ਸੂਰਜਾਂ ਨੂੰ ਹੇਚ ਕਰਨ ਵਾਲੀਆਂ ਤੇ ਫਿਰ ਜਦੋਂ ਧਰਮ ਮੂਰਤੀ ਬੀਰ ਬਾਂਕੇ ਸਿੰਘ ਸਾਹਿਬ ਕਹਿਣੀ ਕਰਨੀ ਦੇ ਪੂਰੇ ਗੁਰਮੁਖਿ ਪਿਆਰੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹੋਰਾਂ ਵਲ ਅਖਾਂ ਗਈਆਂ। ਆਪ ਜੀ ਬੈਰਾਗਣ ਉਪਰ ਠੋਡੀ ਰਖੀ ਐਸੇ ਨਾਮ ਨਿਰੰਜਨ ਵਿਚ ਮਸਤ ਹੋ ਅਗੰਮ ਅਟਾਰੇ ਦਸਮ ਦੁਆਰਿਆਂ ਦੀਆਂ ਅਗੰਮੀ ਦਾਤਾਂ ਬਖਸ਼ਸ਼ਾਂ ਦੇ ਪਾਤਰ ਬਣ ਕੰਤ ਕਰਤਾਰ ਨੂੰ ਰੀਝਾਉਣ ਲਈ ਅੰਤ ਤਰੰਗੀ ਲਹਿਰਾਂ ਵਿਚ ਉਲਟੀ ਨਾਵ ਦੀਆਂ ਤਾਰੀਆਂ ਲਾ ਕੇ ਕਈਆਂ ਡੁਬਦਿਆਂ ਨੂੰ ਪਾਰ ਕਰ ਕਰ ਆਪ ਜਪੈ ਅਵਰਹਿ ਨਾਮ ਜਪਾਵੈ ਦੇ ਹੁਕਮ ਦੀ ਕਾਰ ਵਿਚ ਜੁਟੇ ਹੋਏ ਸਨ। ਇਹ ਪਹਿਲੇ ਦਰਸ਼ਨਾਂ ਦੀ ਝਲਕ ਨੇ ਇਸ ਪਾਪੀ ਜੀਵੜੇ ਦਾ ਮਨ ਸਦਾ ਲਈ ਮੋਹ ਲਿਆ।

(ਚਲਦਾ)


www.AKJ.Org

# ਵੈਸਾਖੀ ਦਾ ਪਾਵਨ ਪੁਰਬ

( ਬੇਦੀ ਹਰਪਾਲ ਸਿੰਘ ਜੀ ਪਟਿਆਲਾ )

## ਖਾਲਸੇ ਦਾ ਪਿਛੋਕੜ ਕੀ ਹੈ ?

ਕਈ ਗਲਾਂ ਅਜਿਹੀਆਂ ਹਨ ਜਿਨ੍ਹਾਂ ਦਾ ਭੇਤ ਇਵੇਂ ਕਿਵੇਂ ਹਰ ਕਿਸੇ ਨੂੰ ਨਹੀਂ ਮਿਲਦਾ। ਕਈ ਬੰਦੇ ਭੇਤ ਲਭਣਾ ਵੀ ਨਹੀਂ ਚਾਹੁੰਦੇ ਤੇ ਕਈਆਂ ਨੂੰ ਜੇ ਭੇਤ ਪਾਣ ਦੀ ਅਭਿਲਾਸ਼ਾ ਵੀ ਹੋਵੇ ਤਾਂ ਵੀ ਜੇ ਉਨ੍ਹਾਂ ਨੂੰ ਠੀਕ ਰਾਹਨੁਮਾਈ ਮਿਲੇ ਤਾਂ ਉਹ ਉਲਟਾ ਟਪਲ ਵਿਚ ਪੈਕੇ ਕੁਰਾਹੇ ਵੀ ਪੈ ਜਾਂਦੇ ਹਨ। ਅਜਿਹੀਆਂ ਕਈ ਮਿਸਾਲਾਂ ਸਾਡੇ ਸਾਹਮਣੇ ਹਨ ਜਿਨ੍ਹਾਂ ਦੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ। ਸਾਡਾ ਦੇਸ਼ ਚਿਰ ਤੀਕ ਗੁਲਾਮ ਰਿਹਾ ਹੈ, ਜਿਸ ਕਰਕੇ ਇਸ ਦੇਸ਼ ਦੇ ਵਸਨੀਕਾਂ ਦੀ ਆਤਮਾਂ ਦਾ ਪਤਨ ਹੋਣਾ ਕੁਦਰਤੀ ਸੀ। ਇਥੋਂ ਦੇ ਵਸਨੀਕਾਂ ਵਿਚ ਹਾਲੀ ਵੀ ਪਾਜ ਤੇ ਪਖੰਡ ਦਾ ਪ੍ਰਭਾਵ ਬਹੁਤਾ ਹੈ। ਪਾਜੀਆਂ ਤੇ ਦੰਭੀਆਂ ਨੂੰ ਅਸਲੀਅਤ ਦਾ ਥਹੁ ਵੀ ਭਾਵੇਂ ਹੋਵੇ ਤਾਂ ਵੀ ਉਹ ਨਿਜੀ ਸਵਾਰਥਾਂ ਦੇ ਅਧੀਨ ਵਾਸਤ੍ਵਕਤਾ ਉਤੇ ਪੜਦਾ ਪਾਈ ਰਖਣਾ ਧਰਮ ਜਾਣਦੇ ਹਨ। ਉਹ ਧਰਮ ਨੂੰ ਜਾਣਦੇ ਹੋਏ ਵੀ ਅਧਰਮ ਸਮਝਦੇ ਹਨ ਤੇ ਅਧਰਮ ਨੂੰ ਧਰਮ ਨਾਲੋਂ ਵਧੀਕ ਪਿਆਰਦੇ ਹਨ। ਇਹੋ ਆਤਮ ਨੀਊਣਤਾ ਦੀ ਵਡੀ ਨਿਸ਼ਾਨੀ ਹੈ।

ਇਹ ਦੇਸ਼ 50 ਕਰੋੜ ਲੋਕਾਂ ਦਾ ਦੇਸ਼ ਹੈ। ਇਸ ਵਿਚ ਅਨੇਕਾਂ ਵੀਚਾਰਧਾਰਾਂ ਸਮੁੰਦਰ ਦੀਆਂ ਲਹਿਰਾਂ ਵਾਂਗ ਉਪਜੀਆਂ ਹਨ ਅਤੇ ਸਮੇਂ ਅਨੁਸਾਰ ਮਿੱਟ ਗਈਆਂ ਹਨ। ਕਈ ਸਿਧਾਂਤ ਪੁਰਾਣੇ ਹੋਣ ਦੇ ਬਾਵਜੂਦ ਚਾਲੂ ਹਨ ਤੇ ਕਈਆਂ ਨੂੰ ਨਵੇਂ ਖ਼ਿਆਲਾਂ ਹੇਠ ਦਬਿਆ ਵੇਖਦੇ ਹਾਂ। ਇਸ ਦੇਸ਼ ਦੇ ਲੋਕਾਂ ਉਪਰ ਰਿਸ਼ੀਆਂ ਮੁਨੀਆਂ ਦੇ ਪ੍ਰਭਾਵ ਪਏ ਹਨ। ਵੇਦਾਂ ਦਾ ਅਸਰ ਹੋਇਆ ਹੈ। ਸ਼ਾਸਤ੍ਰਾਂ ਪੁਰਾਣਾਂ, ਸਿਮ੍ਰਤੀਆਂ ਦੀਆਂ ਵੀਚਾਰਾਂ ਨੂੰ ਲੋਕਾਂ ਨੇ ਕਬੂਲਿਆ ਹੈ। ਬੁਧਾਂ ਤੇ ਜੈਨੀਆਂ ਦੀ ਅਹਿੰਸਕ ਨੀਤੀ ਨੇ ਵੀ ਢੇਰ ਦਾ ਪ੍ਰਭਾਵ ਪਾਇਆ ਏ। ਨਾਸਤਕਵਾਦੀਆਂ ਦੇ ਅਸਰ ਹੇਠ ਵੀ ਇਸ ਮੁਲਕ ਦੇ ਲੋਕ ਕਾਫੀ ਚਿਰ ਦਬੇ ਰਹੇ ਹਨ। ਵੇਦਾਂਤੀਆਂ ਦੇ ਅਦ੍ਵੈਵਾਦ ਅਤੇ ਬਾਮ ਮਾਰਗੀਆਂ ਦੇ ਭ੍ਰਿਸ਼ਟਾਵਾਦ ਦੇ ਪਸਾਰੇ ਨੇ ਵੀ ਸਮੇਂ ਸਮੇਂ ਦੇਸ਼ ਵਾਸੀਆਂ ਨੂੰ ਲਪੇਟ ਵਿਚ ਲਿਆ ਹੈ। ਇਥੋਂ ਦੇ ਭਿੰਨ ਭਿੰਨ ਆਸ਼ਿਆਂ ਨੇ ਦੇਸ਼ ਦੀ ਜਨਤਾ ਵਿਚ ਭਿੰਨਤਾ ਦਾ ਜਿਹਾ ਬੀਜ ਬੋਇਆ ਕਿ ਅਨੇਕਤਾ ਪਸਰ ਗਈ, ਜਿਸ ਨਾਲ ਦੇਸ਼ ਦੀ ਏਕਤਾ ਦੀ ਜੜ੍ਹ ਕਮਜ਼ੋਰ ਹੋ ਗਈ ਤੇ ਬਸ ਫਿਰ ਕੀ ਹੋਇਆ ਕਿ ਇਸਲਾਮੀਆਂ ਦੇ ਤੂਫ਼ਾਨਾਂ, ਝਖੜਾਂ; ਵਾਵਿਰੋਲਿਆਂ ਅਤੇ ਹਨੇਰੀਆਂ ਨੇ ਦੇਸ਼ ਦੀ ਚਕਰੀ ਭਵਾ ਦਿਤੀ। ਲੋਕਾਂ ਦੇ ਪੈਰ ਹਿਲ ਗਏ, ਦਿਲ ਹਿਲ ਗਏ, ਦਿਮਾਗ ਹਿਲ ਗਏ, ਆਤਮਾਂ ਹਿਲ ਗਈ ਅਤੇ ਈਮਾਨ ਵੀ ਹਿਲ ਗਿਆ। ਹੁਣ ਏਨੀਆਂ ਬੀਮਾਰੀਆਂ ਦੇ ਜਕੜੇ ਹੋਏ ਮਰੀਜ਼ਾਂ ਨੂੰ ਕੌਣ ਹਥ ਪਾਂਦਾ ? ਕਿਸੇ ਦਾ ਹੀਆ ਨਾ ਪਿਆ। ਸਮੇਂ ਦੇ ਨਾਲ ੨ ਮਰਜ਼


www.AKJ.Org

ਵਧਦੀ ਗਈ। ਕੌਣ ਏਨੇ ਰੋਗੀਆਂ ਨੂੰ ਸਾਂਭਦਾ? ਕੌਣ ਏਨੇ ਰੋਗਾਂ ਨੂੰ ਜਾਣਦਾ? ਕੌਣ ਏਨੇ ਮੁਰਦਿਆਂ ਦਾ ਭਾਰ ਚੁਕਦਾ? ਕੌਣ ਏਨੀ ਮੈਲ ਨੂੰ ਧੋਂਦਾ? ਕਿਸਦਾ ਹੌਸਲਾ ਸੀ ਜੋ ਬੇਗੈਰਤੀ, ਬੇਹੁਰਮਤੀ, ਬੇਪਰਤੀਤੀ, ਬੇਹਯਾਈ, ਬੇਵਫ਼ਾਈ, ਬੇਈਮਾਨੀ, ਵਿਭਚਾਰ, ਕੁਕਰਮ, ਕਮੀਨਗੀ, ਗਿਲਾਨੀ, ਘ੍ਰਿਣਾ, ਕਦੂਰਤ, ਨਫ਼ਰਤ ਅਤੇ ਗੁਨਾਮੀ ਦੇ ਤੂਫ਼ਾਨਾਂ ਨਾਲ ਟਾਕਰਾ ਕਰਦਾ? ਕੁਦਰਤ ਦੇ ਮਾਲਕ ਨੇ, ਦੋ ਜਹਾਨ ਵਾਲੀ ਨੇ ਤੇ ਅਰਸ਼ ਕੁਰਸ਼ ਦੇ ਪਾਤਸ਼ਾਹ ਨੇ ਦਸ ਗੁਰੂਆਂ ਦੀ ਪਵਿਤ੍ਰ ਜੋਤਿ ਨੂੰ ਸਮੇਂ ੨ ਪ੍ਰਗਟ ਕੀਤਾ। ੧੪੬੯ ਈ: ਤੋਂ ਲੈ ਕੇ ੧੭੦੮ ਈ: ਤਕ ਦੇ ਸਮੇਂ ਵਿਚ ਗੁਰਮਤਿ ਦੇ ਪ੍ਰਕਾਸ਼ਨ ਦਾ ਜਤਨ ਹੋਇਆ। ਇਸ ਸਿਧਾਂਤ ਦੇ ਪਰਸਾਰਨ ਵਾਸਤੇ ਅਨੇਕ ਘਾਲਣਾਂ ਘਾਲਣੀਆਂ ਪਈਆਂ। ਗਰੀਬੀ ਦੀ ਗਦਾ ਉਪਰ ਬਾਬਰੀ ਗੁਮਾਨ ਦੇ ਗੁਰਜ਼ਾਂ ਦੀਆਂ ਸੱਟਾਂ ਨੂੰ ਬੜੇ ਜੇਰੇ ਨਾਲ ਸਹਾਰਨਾ ਏਸੇ ਲਹਿਰ ਦਾ ਕੰਮ ਸੀ। ਏਥੋਂ ਤਕ ਵੀ ਕਰਨਾ ਪਿਆ ਕਿ ਦੇਗਾਂ ਵਿਚ ਸੜ ਕੇ, ਤੱਤੇ ਤਵਿਆਂ ਉਪਰ ਬਹਿ ਕੇ ਭਠਿਆਰੇ ਦੇ ਸੜਦੇ ਰੇਤੇ ਸੀਸ ਉਤੇ ਪਵਾਂਦਿਆਂ ਸ਼ਾਂਤਮਈ ਦੇ ਉਪਦੇਸ਼ਾਂ ਨੂੰ ਦ੍ਰਿੜਤਾ ਤੇ ਵਿਸ਼ਵਾਸ਼ ਵਿਚ ਢਾਲਣ ਦੀ ਲੋੜ ਭਾਸੀ। ਇਸ ਦੇ ਨਾਲ ਬੀਰਤਾ ਨੂੰ ਪੁੰਗਰਨ ਦਾ ਅਵਸਰ ਮਿਲਿਆ। ਮੀਰੀ ਤੇ ਪੀਰੀ ਪ੍ਰਫੁਲਤ ਹੋਈ। ਇਕ ਧਿਰ ਬਾਦਸ਼ਾਹ ਸੀ ਤੇ ਦੂਜੀ ਧਿਰ ਸਚਾ ਪਾਤਸ਼ਾਹ। ਸਚੇ ਪਾਤਸ਼ਾਹ ਦੇ ਆਸ਼ਕਾਂ ਅਤੇ ਨਿਰਭਉ ਦੇ ਪੁਜਾਰੀਆਂ ਨੇ ਨਿਰਭੈਤਾ ਦੀ ਗੋਦ ਮਾਣੀ। ਜਿਸਦਾ ਸਿਟਾ ਇਹ ਨਿਕਲਿਆ ਕਿ ਸਮੇਂ ਦੇ ਮੁਗਲ ਸਾਮਰਾਜ ਦੀ ਚਿੰਤਾ ਵਧੀ। ਓਹ ਨਹੀਂ ਸੀ ਚਾਹੁੰਦਾ ਕਿ ਮੀਰੀ ਜਾਂ ਫ਼ਕੀਰੀ ਦੇ ਨਾਲ ੨ ਮੀਰੀ ਭੀ ਸਿਰ ਉਚਾ ਕਰੇ, ਪਰ ਇਹ ਕਿਸੇ ਦੀ ਜੱਦੀ ਵਿਰਾਸਤ ਨਹੀਂ। ਓਹ ਚਾਹੇ ਤਾਂ ਛਿਨ ਦੀ ਛਿਨ ਵਿਚ ਭਿਖਾਰੀਆਂ ਨੂੰ ਰਾਜਾ ਤੇ ਰਾਜਾ ਨੂੰ ਭਿਖਾਰੀ ਕਰ ਸਕਦਾ ਹੈ ਤੇ ਜੁਗਾਂ ਤੋਂ ਇਸ ਤਰ੍ਹਾਂ ਹੁੰਦਾ ਹੀ ਆਇਆ ਹੈ। ਗੈਰਤ ਦਾ ਜਨਾਜ਼ਾ ਨਿਕਲ ਰਿਹਾ ਸੀ ਜਦੋਂ ਕਿ ਗੁਰੂ ਨਾਨਕ ਦਾ ਆਗਮਨ ਹੋਇਆ। ਅਜ ਅਣਖ ਤੇ ਗੈਰਤ ਦਿਲੀ ਦੇ ਚੌਕ ਵਿਚ ਮੁਗਲਾਂ ਦੇ ਗਾਟੇ ਲਗਦੀ ਦਿਸੀ। ਕੀਮਤੀ ਹੀਰਿਆਂ, ਲਾਲਾਂ ਅਤੇ ਮੋਤੀਆਂ ਤੋਂ ਵਧੀਕ ਮਨੁਖ ਦੇ ਅਮੋਲਵੇਂ ਰਤਨ ਸਰੀਰ ਨੂੰ ਇਕ ਨਿਕੰਮਾਂ ਜਿਹਾ ਠੀਕਰਾ ਜਾਣ ਕੇ ਭੰਨਣ ਦੀ ਅਤੇ ਅਣਖ ਨੂੰ ਕਾਇਮ ਰਖਣ ਦੀ ਸਿਖਿਆ ਦਿਤੀ ਜਾ ਰਹੀ ਸੀ ਇਹ ਸਮਾਂ ੧੬੭੫ ਈ: ਦਾ ਸੀ ਕਿ ਲੋਕੀ ਆਰੇ ਨਾਲ ਚਿਰਨ ਵਾਸਤੇ ਅਤੇ ਪਿਆਰੇ (ਗੁਰੂ) ਮਹਿਬੂਬ ਦੇ ਲਈ ਮਰਨ ਵਾਸਤੇ ਤਿਆਰ ਬਰ ਤਿਆਰ ਹੋ ਬੈਠੇ। ਏਨੀ ਗਲ ਹੋਣ ਦੇ ਬਾਵਜੂਦ ਭੀ ਅਜੇ ਮੁਗਲਾਂ ਦੀ ਤਲਵਾਰ ਖੁੰਢੀ ਨਾ ਹੋਈ, ਨਾਂ ਹੀ ਸਮੁਚ ਤੌਰ ਉਤੇ ਜਨਤਾ ਵਿਚ ਜਾਗੋ ਹੀ ਆ ਸਕੀ। ਕਿਉਂਕਿ 'ਤਿਲਕ ਤੇ ਜੰਞੂ ਦੀ ਖ਼ਾਤਰ ੯ਵੇਂ ਗੁਰੂ ਜੀ ਦੇ ਹੋਏ ਕਤਲ ਸਮੇਂ ੪ ਮਨੁਖ ਵੀ ਅਜਿਹੇ ਨਾ ਨਿਤਰੇ ਜੋ ਚਾਂਦਨੀ ਚੌਕ ਵਿਚ ਕੀਤੇ ਕਤਲ ਦਾ ਸਨਮਾਨਿਤ ਰੀਤੀ ਨਾਲ ਸੰਸਕਾਰ ਕਰਦੇ। ਕਾਰਨ ਇਹ ਸੀ ਕਿ ਸਦੀਆਂ ਦੇ ਗੁਲਾਮ ਹਿੰਦੂਆਂ ਵਿਚ ਏਨਾਂ ਸਾਹਸ ਨਹੀਂ ਸੀ ਆਇਆ ਕਿ ਉਹ ਛਾਤੀ ਠੋਕ ਕੇ ਹਿੰਦੂ ਧਰਮ ਉਪਰ ਮਾਣ ਕਰਦਿਆਂ ਆਖਦੇ ਕਿ 'ਤਿਲਕ ਤੇ ਜੰਞੂ ਦੇ ਰਾਖੇ ਦੇ ਅਸੀਂ ਮੁਰੀਦ ਹਾਂ।' ਇਸ ਕਮਜ਼ੋਰੀ ਨੂੰ ਦੂਰ ਕਰਨ ਵਾਸਤੇ ਦੇਸ਼ ਦੇ ਲੋਕਾਂ ਦਾ ਦਿਲ ਦਿਮਾਗ ਬਦਲਣ ਦੀ ਵਧੇਰੇ ਲੋੜ ਭਾਸੀ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਿਆਲ ਪ੍ਰਗਟ ਕੀਤਾ ਕਿ ਅਜਿਹੇ ਧਰਮ ਦਾ ਕੋਈ ਲਾਭ ਨਹੀਂ ਜੋ ਔਕੜ ਸਮੇਂ ਤਾਂ ਲੁਕੋਇਆ ਜਾਵੇ ਤੇ ਸੁਖ ਅਤੇ ਆਰਾਮ ਵਿਚ ਜ਼ਾਹਿਰ ਕੀਤਾ ਜਾਏ। ਗੁਰੂ ਜੀ ਨੇ ਕਿਹਾ ਮੈਂ ਹੁਣ ਅਜਿਹਾ ਧਰਮ ਪ੍ਰਗਟਾਵਾਂਗਾ, ਜਿਸ ਨੂੰ ਕਿਸੇ ਸਮੇਂ ਲੁਕੋਇਆ ਨਹੀਂ ਜਾ ਸਕੇਗਾ। ਇਹ ਹੈ ਖਾਲਸੇ ਦੇ ਜਨਮ ਦਾ ਪਿਛੋਕੜ ਜਿਸ ਕਰਕੇ ਖਾਲਸੇ ਦੀ ਰੂਪ ਰੇਖਾ ਚਿਤ੍ਰਨ ਦਾ ਫੁਰਨਾ ਦਸਮੇਸ਼ ਨੂੰ ਫੁਰਿਆ।


www.AKJ.Org

# ਇਹੋ 'ਰੱਬੀ ਧਰਮ' ਹੈ

ਜਿਨੇ ਵੀ ਧਰਮ ਅਜ ਤੀਕ ਸਾਡੇ ਸਾਹਮਣੇ ਆਏ ਹਨ ਉਹ ਮਾਨਸ ਕ੍ਰਿਤ ਹਨ। ਹਿਦੂਆਂ, ਮੁਸਲਮਾਨਾਂ; ਈਸਾਈਆਂ, ਪਾਰਸੀਆਂ, ਯਹੂਦੀਆਂ ਸਮਾਜੀਆਂ, ਵਦਾਤੀਆਂ, ਬਾਮਮਾਰਗੀਆਂ, ਰਾਧਾ ਸਵਾਮੀਆਂ, ਦੇਵ ਸਮਾਜੀਆਂ ਆਦ ਦੇ ਸਾਰੇ ਹੀ ਧਰਮ ਮਨੁਖੀ ਅਸੂਲਾਂ ਦੇ ਅਧੀਨ ਹਨ। ਪਰ ਖਾਲਸੇ ਦੀ ਬਣਤਰ ਕੇਵਲ ਰਬੀ ਕਾਨੂੰਨ ਦੇ ਅਧਾਰ ਪਰ ਹੈ। ਇਸ ਵਿਚ ਮਨੁਖੀ ਜੁਗਤਿ ਜਾਂ ਉਕਤਿ ਨੂੰ ਬਹੁਤ ਦਖਲ ਨਹੀਂ। ਇਹ ਸਾਬਤ ਦੇ ਸੂਰਤ ਵਿਧਾਨ ਦਾ ਵਿਸ਼ਵਾਸੀ ਹੈ। ਗ੍ਰਹਸਤੀਆਂ ਵਿਚ ਗ੍ਰਸਤੀ, ਉਦਾਸੀਆਂ ਵਿਚ ਉਦਾਸੀ ਤੇ ਤਿਆਗੀਆਂ ਵਿਚ ਤਿਆਗੀ ਅਤੇ ਰਾਜਿਆਂ ਵਿਚ ਮਹਾਨ ਰਾਜਾ ਅਰ ਜੋਗੀਆਂ ਵਿਚ ਮਹਾਨ ਜੋਗੀਸ਼ਵਰ ਹੈ। ਨਾਂ ਤਾਂ ਇਸ ਨੂੰ ਰਾਜ ਦੀ ਵਡਿਆਈ ਭੁਲਾ ਸਕਦੀ ਹੈ ਅਤੇ ਨਾਂ ਹੀ ਇਸ ਦੇ ਈਮਾਨ ਦੀ ਧਾਰਨਾਂ ਨੂੰ ਚਰਖੜੀਆਂ ਦਾ ਵੇਗ ਹੀ ਹਿਲਾਅ ਸਕਦਾ ਹੈ। ਇਹ ਇਕੋ ਦੇਸ਼ ਜਾਂ ਕਿਸੇ ਵਿਸ਼ੇਸ਼ ਜਾਤੀ ਦੀ ਹਦ ਧਰਮ ਨਹੀਂ ਇਹ ਸਰਬਤ ਦੇ ਭਲੇ ਦੀ ਬੇ ਵਿਸਾਲ ਸਾਂਝ ਹੈ ਜਿਸ ਦੀ ਕੋਈ ਬਰਾਬਰਤਾ ਨਹੀਂ ਕਰ ਸਕਦਾ। ਜਿਸ ਨਸਲ ਪ੍ਰਾਂਤ, ਧਰਮ ਜਾਂ ਜਥੇਬੰਦੀ ਵਿਚ ਕੋਈ ਜੰਮੇਂ ਉਹ ਖਾਲਸਾ ਹੈ ਬਸ਼ਰਤੇ ਕਿ ਇਸ ਦੇ ਸਰੀਰਕ ਚਿੰਨ ਚਕਰਾਂ ਨੂੰ ਕਿਸੇ ਕਾਮ ਕਲ ਜਾਂ ਮਾਨਸ ਚਪਲਤਾ ਨੇ ਨਾਂ ਢਾਲਿਆ ਹੋਵੇ। ਫਿਰ ਤੁਸੀਂ ਵੇਖੋਗੇ ਕਿ ਹਰ ਮਨੁਖ ਹੀ ਜਵਾਨ ਹੋਣ ਉਤੇ ਖਾਲਸੇ ਦੇ ਨਾਲ ਮਿਲਦਾ ਜੁਲਦਾ ਬਲਵਾਨ ਮਨੁਖ ਦ੍ਰਿਸ਼ਟੀ ਆਵੇਗਾ।

ਰਬੀ ਧਰਮ ਵਿਚ ਬਰਾਬਰਤਾ ਦੀ ਸਾਂਝ ਹੁੰਦੀ ਹੈ। ਉਸ ਵਿਚ ਊਨੀ ਤੇ ਵੀਹ ਦੇ ਵਿਤਕਰੇ ਚੁਕ ਜਾਂਦੇ ਹਨ। ਇਹ ਸੂਦਰ ਹੈ ਇਹ ਬ੍ਰਹਮਨ। ਇਹ ਨਾਰੀ ਹੈ ਤੇ ਇਹ ਨਰ। ਇਹ ਹਿੰਦ ਹੈ ਤੇ ਇਹ ਮੁਸਲਮਾਨ। ਇਹ ਮੋਮਨ ਹੈ ਤੇ ਇਹ ਕਾਫ਼ਰ। ਇਹ ਮੰਦਰ ਹੈ ਤੇ ਇਹ ਮਸਜਿਦ। ਇਹ ਹਿੰਦੂਆਂ ਦੀ ਵਿਰਾਸਤ ਹੈ ਤੇ ਇਹ ਮੋਮਨਾਂ ਦੀ ਜਾਇਦਾਦ। ਕਾਫਰਾਂ ਨੂੰ ਰਬ ਦੀ ਦਰਗਾਹੇ ਪੈਰ ਪਾਣ ਦਾ ਅਧਿਕਾਰ ਨਹੀਂ। ਤੀਵੀਂ ਨਿਮਾਜ਼ ਨਹੀਂ ਪੜ ਸਕਦੀ ਨਾਂ ਹੀ ਜੰਞੂ ਪਾ ਸਕਦੀ ਹੈ। ਈਸਾਈਆਂ ਵਿਚ ਤੀਵੀਆਂ ਇਸ਼ਰਤ ਲਈ ਹਨ ਤੇ ਮੋਮਨਾਂ ਵਾਸਤੇ ਇਹ ਦਿਲ ਪਰਚਾਵਾ ਹਨ ਖ਼ਾਲਸਾ ਦੇ ਰਬੀ ਧਰਮ ਵਿਚ ਇਹ ਸਾਰੇ ਟਿਬਿਆਂ ਨੂੰ ਪਧਰਾ ਕਰ ਦਿਤਾ ਗਿਆ ਹੈ। ਹਰ ਇਨਸਾਨ ਕੇਸ ਧਾਰੀ ਹੈ। ਦਾੜ੍ਹੀ ਮੁਛ ਨਾਲ ਮਰਦ ਸੋਭਾ ਪਾਂਦੇ ਹਨ। ਤੀਵੀਆ ਤੇ ਮਰਦਾਂ ਨੂੰ ਇਕੋ ਜਿਹੇ ਅਧਿਕਾਰ ਹਨ। ਪੰਜ ਕਕਾਰੀ ਰਹਿਤ ਸਭ ਦਾ ਸ਼ਿੰਘਾਰ ਹੈ। ਤੀਵੀਂ ਸ਼ੂਦਰ ਨਹੀਂ ਨਾਂ ਹੀ ਦਿਲ ਪਰਚਾਣ ਦਾ ਆਹਰ ਹੈ, ਸਗੋਂ ਮਰਦਾਂ ਨਾਲੋਂ ਵੀ ਵਧੀਕ ਸਾਊ, ਜਿਸ ਨੇ ਕਿ ਪੈਗੰਬਰਾਂ ਤੇ ਰਿਸ਼ੀਆਂ ਨੂੰ ਜਨਮ ਦਿਤਾ ਹੈ। ਇਹ ਅਜਿਹਾ ਭਾਂਡਾ ਹੈ ਜਿਸ ਤੋਂ ਮਨੁਖਤਾ ਉਗਮਦੀ ਹੈ, ਪਰਫੁਲਤ ਹੁੰਦੀ ਹੈ, ਮੰਗਣੀਆਂ ਤੇ ਵਿਆਹ ਏਸੇ ਭਾਂਡੇ ਨਾਲ ਸੋਭਦੇ ਹਨ। ਬੜੇ ਬੜੇ ਘਰਾਨਿਆਂ ਦੀਆਂ ਕਥਾਵਾਂ ਦਾ ਬਹੁ ਵੀ ਨਾਰਿ ਦੇ ਪਿਆਰ ਤੋਂ ਹੀ ਮਿਲਦਾ ਹੈ। ਇਕ ਇਸਤ੍ਰੀ ਦੇ ਮਰਨ ਉਪਰੰਤ ਦੂਜੀ ਦੇ ਲਭਣ ਦਾ ਜਤਨ ਮਨੁਖ ਅਰੰਭ ਦਿੰਦਾ ਹੈ। ਇਸ ਤੋਂ ਬਿਨਾਂ ਇਸ ਦੀ ਗੁਜ਼ਰ ਨਹੀਂ। ਇਸ ਤੋਂ ਬਿਨਾਂ ਇਸ ਮਨੁਖ ਦਾ ਸਨਮਾਨ ਨਹੀਂ। ਇਥੋਂ ਤੀਕ ਕਿ ਇਸਤੋਂ ਬਿਨਾਂ ਕਿਸੇ ਇਨਸਾਨ ਦਾ ਈਮਾਨ ਵੀ ਨਹੀਂ। ਇਹੋ ਕਾਰਨ ਹੈ ਕਿ ਖ਼ਾਲਸਾ ਜਦੋਂ ਫਤਹ ਗਜਾਂਦਾ ਹੈ ਜਾਂ ਅੰਮ੍ਰਿਤ ਛਕਦਾ ਛਕਾਂਦਾ ਹੈ ਤਾਂ ਔਰਤ ਜਾਂ ਮਰਦ ਦੀ ਫ਼ਤਹ ਨਹੀਂ ਬੁਲਾਂਦਾ ਫ਼ਤਹ ਸਿਰਫ ਖਾਲਸੇ ਦੀ ਹੈ ਤੇ ਖ਼ਾਲਸਾ, (Truth fullness) ਨਾਂ ਤੀਵੀਂ ਹੈ ਤੇ ਨਾ ਹੀ ਮਰਦ ਸਚਿਆਈ ਤੇ ਖ਼ਾਲਸਾਪਨ ਦਾ ਹੋਣਾ ਹਰ ਕਿਸੇ ਵਿਚ ਸੰਭਵ ਹੈ ਇਹੋ ਕਾਰਨ ਹੈ ਕਿ 'ਸਚੁ' ਵਿਚੋਂ ਨਰ ਮਾਦਾ ਤੇ ਦੇ ਝਗੜੇ ਚੁਕ ਗਏ ਹਨ। ਖਾਲਸ ਇਕ ਜੋਤਿ ਹੈ ਜਿਸ ਵਿਚ ਕਿਸੇ ਪ੍ਰਕਾਰ ਦੀ ਊਚ ਨੀਚ ਨਹੀਂ ਹੋ ਸਕਦੀ।


www.AKJ.org

ਇਹੋ ਹੀ ਸਮਾਜਵਾਦ ਹੈ। ਇਸੇ ਕਾਨੂਨ ਦੇ ਅਧੀਨ ਇਕੋ ਸੰਗਤ ਤੇ ਪੰਗਤ ਦਾ ਰਵਾਜ ਤੋਰਿਆ ਗਿਆ ਸੀ ਜੋ ਅਜ ਤੀਕ ਪ੍ਰਚਲਤ ਹੈ। ਇਹੋ ਰੱਬੀ ਧਰਮ ਹੈ ਜਿਸਨੂੰ ਖ਼ਾਲਸੇ ਦੇ ਰੂਪ ਵਿਚ ਚਾਲੂ ਕੀਤਾ ਗਿਆ ਸੀ।

## ਖਾਲਸਾ ਸੰਤ ਸਿਪਾਹੀ ਹੈ

ਕਿਸੇ ਨੇ ਦੀਨ ਦੀ ਸਿਖਿਆ ਦਿਤੀ ਤੇ ਕਿਸੇ ਨੇ ਦੁਨੀਆਂ ਦੀ। ਦੀਨ ਸੰਵਰਨ ਉਤੇ ਦੁਨੀਆਂ ਦੇ ਵਿਗੜਨ ਦਾ ਅੰਦੇਸ਼ਾ ਹੈ ਤੇ ਦੁਨੀਆਂ ਦੇ ਪ੍ਰਾਪਤ ਹੋਣ ਉਤੇ ਦੀਨ ਤੋਂ ਮੁਨਕਰ ਹੋਣ ਦੀ ਸੰਭਾਵਨਾ, ਪਰ ਖ਼ਾਲਸਾ ਇਹਨਾਂ ਵਿਚੋਂ ਕਿਸੇ ਇਕ ਦਾ ਚਾਹਵਾਨ ਨਹੀਂ। ਦੀਨ ਤੇ ਦੁਨੀਆਂ ਦੋਹਾਂ ਨੂੰ ਸਿਖ ਚਾਹੁੰਦਾ ਹੈ। ਇਸੇ ਆਸ਼ੇ ਦੇ ਅਧੀਨ ਉਸ ਨੇ ਆਤਮਾਂ ਦੀ ਸ਼ੁਧਤਾ ਨੂੰ ਲੋੜਨਾ ਹੈ ਤੇ ਚਿਰ ਦੀ ਵਿਛੜੀ ਰੂਹ ਨੂੰ ਰੱਬ ਨਾਲ ਜੋੜਨਾ ਹੈ। ਸੰਤ ਨੇ ਜਿਥੇ ਸ੍ਵੈ ਆਤਮਾ ਰਖਿਆ ਕਰਦਿਆਂ ਅਧਿਆਤਮਕ ਉਚਤਾ ਵਿਚ ਉਡਣਾ ਹੈ ਉਥੇ ਦੁਨੀਆਵੀ ਪ੍ਰਬੰਧ ਵਿਚੋਂ ਵੀ ਪਿਛੇ ਨਹੀਂ ਰਹਿਣਾ ਸਗੋਂ ਅਗੇ ਵਧਣਾ ਤੇ ਚੜ੍ਹਦੀਆਂ ਕਲਾ ਵਿਚ ਰਹਿਣਾ ਹੈ। ਮਰੂੰ ਮਰੂੰ ਕਰਨ ਵਾਲਾ ਜੀਵਨ, ਸਿਖ ਜੀਵਨ ਨਹੀਂ ਤੇ ਸਿਪਾਹੀ ਨੇ ਡਾਕੂਆਂ ਤੋਂ ਦੁਨੀਆਂ ਦੀ ਰਾਖੀ ਕਰਨੀ ਹੈ। ਬਸ! ਇਹ ਜੀਵਨ ਖੇੜੇ ਵਿਗਾਸ ਅਤੇ ਪ੍ਰਕਾਸ਼ ਦਾ ਜੀਵਨ ਹੈ। ਇਸ ਨੂੰ ਦੁਖ ਵਿਚ ਸੋਗ ਨਹੀਂ। ਨਾਂ ਹੀ ਹਰਖ ਵਿਚ ਗੁਮਾਨ ਹੈ। ਇਕ ਰਸ ਤੇ ਇਕਸਾਰ ਜੀਵਨ ਕਿਰਨ ਨਾਲ ਰੌਸ਼ਨ ਹੋਣ ਦਾ ਨਾਂ ਖ਼ਾਲਸਾ ਹੈ ਤੇ ਇਹ ਆਤਮ ਰਾਖੀ ਲਈ ਸੰਤ ਹੈ ਤੇ ਦੁਨੀਆਂ ਦੇ ਸੁਧਾਰ ਅਰ ਹਿਫ਼ਾਜ਼ਤ ਵਾਸਤੇ ਸਿਪਾਹੀ ਵੀ। ਇਸੇ ਲਈ ਇਸਦੇ ਇਕ ਹੱਥ ਵਿਚ ਮਾਲਾ ਤੇ ਦੂਜੇ ਵਿਚ ਤਲਵਾਰ ਹੈ। ਇਹਦੀ ਤਲਵਾਰ ਆਮ ਛੁਰੇ-ਮਾਰਾਂ ਵਾਂਗ ਲੋਕਾਂ ਵਰਗੀ ਕਟਾਰ ਨਹੀਂ ਸਗੋਂ ਗਰਬ ਗੰਜਨੀ ਹੈ ਅਤੇ ਮਹਿਖਾਸਰ ਮਰਦਨੀਵੀ ਭਾਵ ਝੋਟੇ ਵਾਂਗੂੰ ਅੜੀਅਲ ਤੇ ਮਸਤ ਹੰਕਾਰੀ ਦੈਂਤਾਂ ਨੂੰ ਦਲਣ ਮਲਣ ਵਾਲੀ ਭਵਾਨੀ ਹੈ। ਇਹ ਉਹਨਾਂ ਭਾਂਬੜਾਂ ਨੂੰ ਮੂੰਹ ਚੋਂ ਉਗਲਣ ਵਾਲੀ ਜੁਵਾਲਾਮੁਖੀ ਹੈ ਜਿਸ ਦੇ ਸੇਕ ਵਿਚ ਜਾਬਰਾਂ ਦੇ ਰਾਜ ਫੁਕ ਕੇ ਸੁਆਹ ਹੋ ਜਾਂਦੇ ਹਨ। ਜਿਵੇਂ ਕਿ ਜ਼ਫ਼ਰਨਾਮੇ ਵਿਚ ਕਿਹਾ ਹੈ :—

> 'ਚਿ ਮਰਦੀ ਕਿ ਅਖਗਰ ਖਮੋਸ਼ਾਂ ਕੁਨੀ।
> ਕਿ ਆਤਸ਼ ਦੁਬਾਰਾ ਫ਼ਰੋਜ਼ਾਂ ਕੁਨੀ॥'
> (ਜ਼ਫ਼ਰਨਾਮਾ)

## ਖ਼ਾਲਸੇ ਦੇ ਪੈਦਾ ਕਰਨ ਦੀ ਕਿਉਂ ਲੋੜ ਪਈ ?

ਚਿਰ ਦੀ ਗੁਲਾਮੀ ਨਾਲ ਭਾਰਤ ਦਾ ਵਡਾ ਦਰਵਾਜ਼ਾ ਪੰਜਾਬ ਕਮਜ਼ੋਰ ਪੈ ਗਿਆ। ਜੋ ਵੀ ਜਰਵਾਣਾ ਆਇਆ ਇਸੇ ਰਾਹ ਤੋਂ ਆ ਕੇ ਸਾਰੇ ਭਾਰਤ ਵਰਸ਼ ਦਾ ਕਚੂਮਰ ਕਢਦਾ ਰਿਹਾ। ਈਰਾਨ ਤੋਂ ਲੈ ਕੇ ਕਲਕਤੇ ਦੇ ਸਾਗਰਾਂ ਤੀਕ ਕਿਸੇ ਨੇ ਵੀ ਮੁਗਲਾਂ ਦੇ ਘੋੜਿਆਂ ਨੂੰ ਲਗਾਮ ਨਾ ਪਾਈ। ਜੋ ਵੀ ਉਠਿਆ ਉਸ ਨੇ ਹਿੰਦੁਸਤਾਨ ਵਲ ਮੂੰਹ ਕੀਤਾ। ਇਸ ਦਾ ਦੀਨ ਲੁਟਿਆ। ਇਸ ਦੀ ਦੁਨੀਆਂ ਲੁਟੀ। ਨਾਲੋ ਨਾਲ ਇਸ ਦੀ ਗੈਰਤ ਨੂੰ ਵੀ ਲੁਟ ਪੁਟ ਲਿਆ। ਡੰਗਰਾਂ ਵਾਂਗ ਇਸ ਦੇਸ਼ ਦੀਆਂ ਤੀਵੀਂਆਂ ਨੂੰ ਲੈ ਜਾਂਦੇ ਅਤੇ ਮੰਡੀਆਂ ਵਿਚ ਵੇਚਦੇ ਸਨ। ਬੇਗੈਰਤੀ ਦੀ ਏਨੀ ਹੱਦ ਵਧ ਗਈ ਕਿ ਰਾਜਪੂਤਾਂ ਨੇ ਆਪਣੀਆਂ ਧੀਆਂ ਦੇ ਡੋਲਿਆਂ ਨੂੰ ਮੁਗਲਾਂ ਦੇ ਮਹਿਲਾਂ ਦਾ ਸ਼ਿੰਗਾਰ ਬਣਾਇਆ। ਰਾਮ ਅਤੇ ਕ੍ਰਿਸ਼ਨ ਦੀਆਂ ਜਨਮ ਭੂਮੀਆਂ ਦੇ ਧਰਮ ਮੰਦਰਾਂ ਨੂੰ ਥੇਹ ਕਰ ਦਿਤਾ ਗਿਆ ਅਤੇ ਉਹਨਾਂ ਦੀ ਛਾਤੀ ਉਪਰ ਮਸਜਿਦਾਂ ਤਾਮੀਰ ਕਰਨ ਉਪਰੰਤ ਮੋਮਨਾਂ ਨੇ ਅਲਾਹ ਦੀ ਨਮਾਜ਼ ਨੂੰ ਪੜ੍ਹਨਾ ਪੁੰਨ ਕਰਮ ਜਾਤਾ। ਇਸ ਨਿਆਰੇ ਸਮਾਜ ਦੀ ਦੁਰਦਸ਼ਾ ਨੂੰ ਨਵੇਂ ਸਿਰਿਓਂ ਸੁਧਾਰਨ ਦੀ ਲੋੜ ਨੂੰ ਪੂਰਿਆਂ ਕਰਨ ਵਾਸਤੇ ਖ਼ਾਲਸੇ ਦੀ ਲੋੜ ਭਾਸੀ ਜਿਸਨੂੰ ਸਾਜਨ ਵਾਸਤੇ ਦਸ ਗੁਰੂ ਸਾਹਿਬਾਨ ਨੇ ਵਧ ਤੋਂ ਵਧ ਪ੍ਰਯਤਨ ਜਾਰੀ ਰਖੇ ਤੇ ਇਸ ਜ਼ਮੀਨ ਨੂੰ ਤਿਆਰ ਕਰਨ ਵਾਸਤੇ ੨੩੯ ਵਰ੍ਹੇ ਘਾਲਣਾ ਘਾਲੀ ਗਈ।


www.AKJ.Org

# 'ਖਾਲਸੇ ਦਾ ਜਨਮ

੧੬੬੬ ਈ:ਵਿਚ ਦਸਮੇਸ਼ ਜੀ ਦਾ ਆਗਮਨ ਹੋਇਆ। ੯ ਵਰ੍ਹੇ ਦੇ ਸਨ ਕਿ ਕਸ਼ਮੀਰੀ ਪੰਡਤਾਂ ਦੀ ਫ਼ਰਯਾਦ ਹੇਠ ਪੂਜ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਕੁਰਬਾਨੀ ਵਾਸਤੇ ਬੇਨਤੀ ਕੀਤੀ। ਭ: ਜੈਤੇ ਅਤੇ ਲਖੀ ਲੁਬਾਣੇ ਤੋਂ ਬਿਨਾਂ ਕਿਸੇ ਨੇ ਵੀ ਨੌਵੇਂ ਗੁਰਾਂ ਦੀ ਦੇਹ ਨੂੰ ਟਿਕਣੇ ਲਾਣ ਦਾ ਪ੍ਰਬੰਧ ਨਾ ਕੀਤਾ। ਮਹਾਰਾਜ ਦਸਮ ਪਾਤਸ਼ਾਹ ਦੀ ਹੈਰਾਨੀ ਦੀ ਹਦ ਨਾ ਰਹੀ। ਸੋਚਿਆ, ਕਿਨਾਂ ਬੇਗੈਰਤ ਹੈ ਇਹ ਦੇਸ਼ ਜਿਸ ਵਿਚ ਚਾਰ ਮਨੁਖ ਨਹੀਂ ਜੋ ਛਾਤੀ ਤੇ ਹਥ ਮਾਰਕੇ 'ਤਿਲਕ ਜੰਞੂ' ਦੇ ਰਾਖੇ ਦਾ ਸੰਸਕਾਰ ਕਰ ਸਕਣ। ਹੁਣ ਇਨਾਂ ਦੀ ਗੁਲਾਮੀ ਦੀ ਛਟ ਲਾਹ ਕੇ ਸੁਤੰਤ੍ਰਤਾ ਦੀ ਝਲਕ ਦਸਣੀ ਹੈ। ਇਨਾਂ ਦੇ ਦਿਲ ਦਿਮਾਗ ਚੋਂ ਗੰਦ ਕਢਕੇ ਨਵੇਂ ਪੁਰਜ਼ੇ ਲਾਣੇ ਹਨ। ਸ੍ਵੈਸਨਮਾਨ ਦੀ ਜਾਚ ਦਸਣੀ ਹੈ। ਜਬਰ ਤੇ ਧਕੇ ਦਾ ਟਾਕਰਾ ਕਰਨ ਦਾ ਪਾਠ ਪੜ੍ਹਣਾ ਏ। ਇਸ ਵਾਸਤੇ ਦਸਮ ਪਾਤਸ਼ਾਹ ਨੇ ੧੭੫੬ ਦੀ ਵਿਸਾਖੀ ਨੂੰ ਜੋ ਈਸਵੀ ਸੰਨ ੧੬੯੯ ਸੀ ਇਕ ਮਹਾਂਨ ਇਕਠ ਬੁਲਾਇਆ। ਇਸ ਵਿਚ ਹਰ ਪ੍ਰਾਂਤ, ਹਰਜ਼ਾਤ ਅਰ ਹਰ ਧਰਮ ਦੇ ਲੋਕ ਸਨ। ਚਾਰੋਂ ਆਸ਼੍ਰਮ ਤੇ ਚਾਰੋਂ ਵਰਣਾਂ ਦੇ ਲੋਕਾਂ ਨੂੰ ਸਦਾ ਦਿਤਾ ਗਿਆ ਏਸ ਇਕਠ ਵਿਚ ੭੫-੮੦ ਹਜ਼ਾਰ ਦੇ ਲਗ ਪਗ ਲੋਕ ਸਨ। ਗੁਰੂ ਨੇ ਸਾਰੀ ਹਕੀਕਤ ਨੂੰ ਬਿਆਨ ਕੀਤਾ ਤੇ ਕਿਹਾ 'ਮੈਂ ਚਾਹੁੰਦਾ ਹਾਂ ਦੇਸ਼ ਦਾ ਕਾਇਆ ਕਲਪ ਕੀਤਾ ਜਾਵੇ, ਕੌਮ ਪ੍ਰੀਵਰਤਨ ਹੋਵੇ। ਚਿਰ ਦੀ ਫ਼ਿਤਰਤ ਨੂੰ ਬਦਲ ਦੇਵਾਂ ਅਤੇ ਜ਼ਾਤ ਪਾਤ ਦੇ ਵਿਤਕਰੇ ਅਰ ਭਿੰਨ ਭੇਤਾਂ ਦੀ ਇਕਦਮ ਸਫਾਈ ਕੀਤੀ ਜਾਏ। ਖਾਲਸਾ ਧਰਮ ਵਿਚ ਪਰਵੇਸ਼ ਕਰਨ ਵਾਸਤੇ ਕਿਸੇ ਵੀ ਜ਼ਾਤ ਵਰਨ ਜਾਂ ਧਰਮ ਨੂੰ ਪੂਰੀ ੨ ਖੁਲ ਹੈ ਮੈਂ ਤੁਹਾਨੂੰ ਨਵਾਂ ਜੀਵਨ, ਨਵਾਂ ਸਾਹਸ, ਨਵਾਂ ਧਰਮ ਤੇ ਨਵਾਂ ਉਪਦੇਸ਼ ਦਿੰਦਾ ਹਾਂ। ਮੇਰਾ ਉਦੇਸ਼ ਚਿਰ ਦੀ ਗੁਲਾਮੀ ਨੂੰ ਪੁਟਣਾ ਤੇ ਮੁਲਕੀ ਅਣਖ ਨੂੰ ਜਗਾਣਾ ਹੈ। ਆਓ ਮੇਰਾ ਹਥ ਵਟਾਓ ਤੇ ਚਿੜੀਓ ਬਾਜ਼ ਬਣਨ ਦੀ ਵਿਉਂਤ ਧਾਰਨ ਕਰੋ।

ਹਜ਼ਾਰਾਂ ਆਦਮੀਂ ਉਠ ਖੜੇ ਹੋਏ। ਉਨ੍ਹਾਂ ਦੇ ਇਸ ਆਸ਼ੇ ਦੀ ਡਟਵੀਂ ਵਿਰੋਧਤਾ ਕੀਤੀ। 'ਚਿਰ ਦੇ ਸਿਧਾਂਤ ਨੂੰ ਤੇ ਜਾਤੀ ਬੰਧਨਾਂ ਨੂੰ ਤੋੜਨਾਂ ਦੇਸ਼ ਦੀ ਸੰਸਕ੍ਰਿਤੀ ਨੂੰ ਵਿਗਾੜਨਾਂ ਹੈ। ਸਾਨੂੰ ਇਹ ਧਰਮ ਪਰਵਾਨ ਨਹੀਂ। ਗੁਰੂ ਮਹਾਰਾਜ ਨੇ ਫੇਰ ਸਿੰਘ ਗਰਜਨਾ ਨਾਲ ਕਿਹਾ, ਮੈਨੂੰ ਜਾਤਿ ਦੇ ਗੁਮਾਨੀਆਂ ਦੀ ਲੋੜ ਨਹੀਂ। ਮੈਂ ਤੁਹਾਡੀ ਇਮਦਾਦ ਨਹੀਂ ਚਾਹੁੰਦਾ। ਹੁਣ ਮੈਂ ਗਰੀਬ ਦੀ ਹੌਸਲਾ ਅਫ਼ਜ਼ਾਈ ਕਰਾਂਗਾ ਤੇ ਇਨਾਂ ਨੂੰ ਹੀ ਮਾਣ ਤੇ ਇੱਜ਼ਤ ਬਖਸ਼ ਕੇ ਹਮੇਸ਼ਾ ਵਾਸਤੇ ਵਡਿਆਣ ਦਾ ਪ੍ਰਾਯਤਨ ਕਰਾਂਗਾ:—

"ਇਨ ਗਰੀਬ ਸਿੰਘਨ ਕਉ ਦਿਉਂ ਪਾਤਸ਼ਾਹੀ,
ਯਿਹ ਯਾਦ ਕਰਹਿ ਹਮਰੀ ਗੁਰਿਆਈ॥

(ਪੰਥ ਪ੍ਰਕਾਸ਼ ਰਤਨ ਸਿੰਘ ਭੰਗੂ)

ਇਸ ਸਮੇਂ ਤੰਬੂ ਵਿਚੋਂ ਨਿਕਲ ਕੇ ਜਲਾਲ ਵਿਚ ਆਏ ਸਤਿਗੁਰ ਨੇ ਕਿਸੇ ਸਿਖ ਨੂੰ ਸਿਰ ਭੇਟ ਕਰਨ ਦੀ ਮੰਗ ਕੀਤੀ। ਸਭ ਤੋਂ ਪਹਿਲਾਂ ਦਿਯਾਰਾਮ ਖਤ੍ਰੀ ਲਾਹੌਰ ਦਾ ਲਿਤਰਿਆ। ਇਸ ਤੋਂ ਮਗਰੋਂ ਧਰਮ ਚੰਦ, ਹਿੰਮਤ ਚੰਦ, ਮੁਹਕਮ ਚੰਦ, ਸਾਹਿਬ ਰਾਮ ਮੈਦਾਨ ਵਿਚ ਆਏ ਇਨ੍ਹਾਂ ਦੇ ਸੀਸ ਪਰਵਾਨ ਪਏ। ਇਨ੍ਹਾਂ ਦੇ ਤਨ ਮਨ ਨੂੰ ਬਦਲ ਕੇ ਪੰਜਾਂ ਨੂੰ ਖਾਲਸਾ ਬਣਾਂਦਿਆਂ ਹਰ ਇਕ ਨੂੰ ਸਿੰਘ ਦਾ ਖਿਤਾਬ ਦਿਤਾ। ਹੁਣ ਇਸ ਵਕਤ ਇਹ ਪੰਜੇ ਤਿਆਰ ਬਰ ਤਿਆਰ ਜਟਾ ਜੂਟ ਬੀਰ ਜੋਧੇ ਅੰਮ੍ਰਿਤ ਨਾਲ ਪਵਿਤ੍ਰ ਤੇ ਪਾਕ ਹੋਏ ਗਿਦੜੋਂ ਸ਼ੇਰ ਤੇ ਦਲੇਰ ਹੋਏ ਸਭ ਦੇ ਸਾਹਮਣੇ ਸਨ ਕਿ ਇਹਨਾਂ ਦੀ ਸੂਰਤ ਮੂਰਤ ਨੂੰ ਵੇਖ ਕੇ ਇਕੋ ਦਿਨ ਵਿਚ 20 ਹਜ਼ਾਰ ਇਨਸਾਨਾਂ ਨੇ ਅੰਮ੍ਰਿਤਪਾਨ ਕੀਤਾ। ਦੁਨੀਆਂ ਦੇ ਇਤਿਹਾਸ ਵਿਚ ੧੭੫੬ ਦੀ ਵਿਸਾਖੀ ਦਾ ਇਹ ਪ੍ਰੀਵਰਤਨ


www.AKJ.Org

ਇਕ ਅਦੁੱਤੀ ਤੇ ਮਹਾਨ ਪ੍ਰੀਵਰਤਨ ਸੀ ਜਿਸ ਦਿਨ ਕਿ ਇਕੋ ਵਾਰ ਵੀਹ ਹਜ਼ਾਰ ਆਦਮੀਆਂ ਨੇ ਕੇਸ ਦਾੜ੍ਹੀ ਰਖ ਕੇ ਸਾਬਤ ਸੂਰਤ ਨੂੰ ਗ੍ਰਹਿਣ ਕਰਨਾ ਚਾਈਂ ਚਾਈਂ ਪਰਵਾਨ ਕੀਤਾ। ਅੰਮ੍ਰਿਤ ਛਕਾਣ ਤੋਂ ਪਹਿਲਾਂ ਦਸਮੇਸ਼ ਨੇ ਇਕ ਇਕਰਾਰ ਕੀਤਾ ਸੀ ਕਿ—

"ਚਿੜੀਓਂ ਸੇ ਮੈਂ ਬਾਜ ਤੁੜਾਊਂ।
ਤਬੈ ਗੁਬਿੰਦ ਸਿੰਘ ਨਾਮ ਕਹਾਊਂ।
ਗਿਦੜੋਂ ਸੇ ਮੈਂ ਸ਼ੇਰ ਬਨਾਊਂ।
ਤਬੈ ਗੁਬਿੰਦ ਸਿੰਘ ਨਾਮ ਕਹਾਊਂ।"

ਗੁਰੂ ਦੀ ਇਸ ਭਾਵਨਾ ਨੂੰ ਕਿੰਨਾ ਕੁ ਫਲ ਲਗਾ, ਇਹ ਸਿਖ ਇਤਿਹਾਸ ਤੋਂ ਸਪਸ਼ਟ ਹੈ।

## ਅੰਮ੍ਰਿਤ ਦਾ ਅਸਰ

ਕਈ ਵੀਚਾਰਵਾਨਾਂ ਨੇ ਅਕਲ ਦੇ ਘੋੜੇ ਦੁੜਾਂਦਿਆਂ ਗੁਰੂ ਗੋਬਿੰਦ ਸਿੰਘ ਨੂੰ ਆਪਣੇ ਜੀਵਨ ਵਿਚ ਸਫ਼ਲ ਹੁੰਦਾ ਨਹੀਂ ਦਸਿਆ, ਪ੍ਰੰਤੂ ਇਹ ਭਾਵਨਾ ਉਹਨਾਂ ਦੀ ਮਾਨਸਕ ਕਮਜ਼ੋਰੀ ਨੂੰ ਪ੍ਰਗਟ ਕਰਦੀ ਹੈ। ੧੬੭੫ ਈਸਵੀ ਵਿਚ ਜਦੋਂ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦਾ ਸਾਕਾ ਹੋਇਆ ਤਾਂ ਦੇਸ਼ ਵਿਚ ੪ ਮਨੁਖ ਵੀ ਨਹੀਂ ਸਨ ਜੋ ਗੁਰੂ ਕੀ ਦੇਹ ਦਾ ਸਸਕਾਰ ਕਰਦੇ, ਪਰ ੧੬੯੯ ਨੂੰ ਅੰਮ੍ਰਿਤ ਛਕਣ ਮਗਰੋਂ ਅਨੇਕਾਂ ਸਿਖ ਪਰਵਾਰਾਂ ਨੇ ਮੁਗ਼ਲਾਂ ਨੂੰ ਉਹ ਹੱਥ ਵਿਖਾਏ ਕਿ ਸਰਕਾਰ ਹਿਲ ਗਈ। ਉਤਰੀ ਭਾਰਤ ਵਿਚ ਪਹਾੜੀ ਰਾਜਿਆਂ ਦੀ ਸਾਰੀ ਸ਼ਕਤੀ ਮੁਗ਼ਲਾਂ ਨਾਲ ਮਿਲ ਕੇ ਦਸਮੇਸ਼ ਦੇ ਖ਼ਾਲਸਾ ਦਲ ਦੀ ਬੁਨਿਆਦ ਪੁਟਣ ਵਾਸਤੇ ਟਿੱਲ ਲਾ ਰਹੀ ਸੀ ਕਿ ਉਹਨਾਂ ਦਾ ਇਹ ਸੁਪਨਾ ਪੂਰਾ ਨਾ ਹੋ ਸਕਿਆ। ਸਗੋਂ ਗਲ ਇਹ ਵਾਪਰੀ ਕਿ ਅੰਮ੍ਰਿਤ ਛਕਾਣ ਦੇ ਪੂਰੇ ੯ ਵਰ੍ਹੇ ਮਗਰੋਂ ੧੭੦੮ ਵਿਚ ਗੋਦਾਵਰੀ ਦੇ ਕੰਢੇ ਬੰਦਾ ਬੈਰਾਗੀ ਦਾ ਬੰਦਾ ਸਿੰਘ ਬਹਾਦਰ ਦੀ ਸੂਰਤ ਵਿਚ ਜ਼ਹੂਰ ਹੋਇਆ ਜਿਸਨੇ ਦਿਲੀ ਤੋਂ ਲੈ ਕੇ ਧੁਰ ਪੰਜਾਬ ਤੀਕ ਮੁਗ਼ਲਾਂ ਦੀ ਇਕ ਵਾਰ ਤੋਬਾ ਤੋਬਾ ਪੜ੍ਹਾ ਦਿਤੀ, ਤੇ ਹੁਣ ਖ਼ਾਲਸਾ ਦਲ ਏਨਾ ਪਰਬਲ ਪ੍ਰਭਾਵਸ਼ਾਲੀ ਹੋ ਗਿਆ ਕਿ ਸਢੌਰਾ, ਸਮਾਣਾ, ਛੱਤ ਬਨੂੜ ਤੇ ਸਰਹੰਦ ਵਰਗੇ ਮੁਗ਼ਲਾਂ ਦੇ ਕਿਲਿਆਂ ਦੀਆਂ ਦੀਵਾਰਾਂ ਹੀ ਨਾ ਪਾਟੀਆਂ ਸਗੋਂ ਇਹਨਾਂ ਦੇ ਗੜ੍ਹ ਦੀ ਬੁਨਿਆਦ ਹਿੱਲ ਗਈ। ਜੇ ਤੱਤ ਖ਼ਾਲਸੇ ਅਤੇ ਬੰਦਈਆਂ ਦਾ ਝਗੜਾ ਨਾ ਵਾਪਰਦਾ ਤਾਂ ੧੦ ਵਰ੍ਹਿਆਂ ਵਿੱਚ ਹੀ ਅੰਮ੍ਰਿਤ ਦੇ ਚਮਤਕਾਰ ਸਾਮ੍ਹਣੇ ਹੋ ਜਾਂਦੇ ਪਰ ਕੁਦਰਤ ਨੂੰ ਹਾਲੀਂ ਖ਼ਾਲਸੇ ਦੀ ਹੋਰ ਸੁਧਾਈ ਦਰਕਾਰ ਸੀ। ਜਿਸ ਕਾਰਨ ਸਿਖ ਮਿਸਲਾਂ ਬਣੀਆਂ। ਇਹਨਾਂ ਨੇ ਅਬਦਾਲੀ ਦੁਰਾਨੀ ਜਰਵਾਣਿਆਂ ਦੇ ਜਬਰ ਦਾ ਚੰਗਾ ਟਾਕਰਾ ਕੀਤਾ। ਅੰਤ ਨੂੰ ਖ਼ਾਲਸੇ ਦੇ ਕਦਮਾਂ ਵਿੱਚ ਨਵਾਬੀ ਦੇ ਪਟੇ ਪੇਸ਼ ਕਰਦਿਆਂ ਦਿਲੀ ਦਾ ਦਿਲ ਧੜਕਿਆ।

੧੭੮੦ ਵਿੱਚ ਮਹਾਰਾਜਾ ਰਣਜੀਤ ਸਿੰਘ ਜਨਮੇ ਤੇ ੧੭੯੬ ਵਿੱਚ ਉਸ ਨੇ ਰਿਆਸਤੀ ਪ੍ਰਬੰਧ ਸਾਂਭੇ। ੧੮੦੮ ਵਿੱਚ ਚੌਕ ਘੰਟਾ ਘਰ ਵਿਖੇ ਉਸ ਨੂੰ ਬਾਬਾ ਸਾਹਿਬ ਸਿੰਘ ਊਨਾ ਸਾਹਿਬ ਵਾਲਿਆਂ ਨੇ ਸ਼ੇਰੇ-ਪੰਜਾਬ ਦਾ ਖ਼ਿਤਾਬ ਦਿੱਤਾ। ਇਸ ਸਮੇਂ ਚੜ੍ਹਤ ਸਿੰਘ ਦੇ ਪੋਤਰੇ ਦੀ ਚੜ੍ਹਤਲ ਦਾ ਡੰਕਾ ਖ਼ੈਬਰ ਦਿਆਂ ਦੱਰਿਆਂ ਤੋਂ ਵੀ ਪਰੇ ਗੂੰਜਾਂ ਪਾ ਰਿਹਾ ਸੀ। ਸੋ ਕੌਣ ਕਹਿੰਦਾ ਹੈ ਕਿ ਦਸਮੇਸ਼ ਦੀ ਨੀਤੀ ਨੂੰ ਫਲ ਨਹੀਂ ਲਗਾ?

ਸਾਰਾ ਸੰਸਾਰ ਖਾਲਸੇ ਦੀ ਮਹਾਨਤਾ ਨੂੰ ਜਾਣ ਗਿਆ ਹੈ। ਕੀ ਪਾਕਿਸਤਾਨ ਤੇ ਕੀ ਚੀਨ, ਕੀ ਨਾਗੇ ਤੇ ਕੀ ਹੋਰ ਹੋਰ ਲੋਕ ਸਭ ਖਾਲਸੇ ਦੇ ਤੇਜ ਪ੍ਰਤਾਪ ਨੂੰ ਵੇਖ ਵੇਖ ਕੰਬਦੇ ਹਨ। ਮੇਰੇ ਅਪਣੇ ਵੀਚਾਰ ਵਿਚ ਤਾਂ ਇਹ ਭਾਵਨਾ ਹੈ ਕਿ ਪਿਛਲੇ ਸਮਿਆਂ ਨਾਲੋਂ ਵੀ ਅੱਜ ਦੇ ਜੁਗ ਵਿੱਚ ਖ਼ਾਲਸੇ ਦੀ ਧਰਮ ਭਾਵਨਾਂ ਨੂੰ ਉਜਾਗਰ ਕਰਨ ਦੀ ਜਿਤਨੀ ਜ਼ਰੂਰਤ ਇਸ ਸਮੇਂ ਵਿੱਚ ਹੈ ਓਨੀ ਪਹਿਲਾਂ ਨਹੀਂ ਸੀ, ਕਿਉਂਕਿ ਕੋਈ ਵੀ ਹੋਰ ਜਥੇਬੰਦੀ ਏਨੀ ਮਜ਼ਬੂਤ ਨਹੀਂ ਜਿੰਨੀ ਕਿ ਖਾਲਸਾ ਕੌਮ ਦੀ ਹੈ। ਇਸ ਦੇ ਸਾਹਮਣੇ ਇਕ ਆਦਰਸ਼*


www.AKJ.Org

# ਧੰਨਯ ਭਾਈ ਰਣਧੀਰ ਸਿੰਘ

( ਵਲੋਂ—ਸ: ਅਮਰ ਸਿੰਘ ਜੀ ਦੁਸਾਂਝ )

ਚੁਰਾਸੀ ਨਾਲ ਭਰੀ ਪਈ ਧਰਤੀ, ਖਾਲਸਾ ਵਿਰਲਾ ਹੀ ਹੈ। ਜੋ ਹੈ, ਉਹ ਆਤਮਿਕ ਬਲ ਕਾਲ ਭਰਪੂਰ ਹੈ। ਸੰਤ ਭਾ: ਰਣਧੀਰ ਸਿੰਘ 1962 ਈਸਵੀ ਵਿਚ ਸਵਰਗਵਾਸ ਹੋਏ, ਪ੍ਰਭੂ ਨੂੰ ਪਿਆਰੇ ਹੋਣ ਸਮੇਂ ਉਨ੍ਹਾਂ ਦੀ ਆਯੂ 82 ਸਾਲ ਸੀ। ਆਪ ਦਾ ਜੀਵਨ ਇਕ ਨਾਮ-ਰਸੀਏ ਦਾ ਜੀਵਨ ਹੈ। ਗੜੂੰਦ ਰਹਿੰਦੇ ਸਨ ਸਦੀਵ-ਮੁਖੜੇ ਤੇ ਜਲਾਲ ਸੀ, ਅੰਦਰ ਨੂਰ ਸੀ। ਨਿਰੰਤਰ ਅਠਤਾਲੀ ਘੰਟੇ ਸ੍ਰੀ ਗੁਰੂ ਗਰੰਥ ਸਾਹਿਬ ਦੇ ਹਜ਼ੂਰ ਅਖੰਡ-ਕੀਰਤਨ ਕਰਨਾ ਆਪ ਦੀ ਮਰਯਾਦਾ ਸੀ। ਬੰਦਗੀ ਮੰਗੀ ਆਪਨੇ ਪਰਮੇਸ਼ਵਰ ਤੋਂ, ਬੰਦਗੀ ਵਿਚੋਂ ਜ਼ਿੰਦਗੀ ਪ੍ਰਾਪਤ ਕਰਦੇ ਸਨ। ਆਪ ਦੇ ਪਿਤਾ ਨਾਭਾ ਵਿਖੇ ਨਾਜ਼ਿਮ ਸਨ। ਵੱਡੇ ਤਸੀਲਦਾਰ ਚੁਣੇ ਗਏ ਭਾਈ ਸਾਹਿਬ, ਪਰ ਚਿਤ ਉਦਾਸ ਰਹਿੰਦਾ ਸੀ। ਨੌਕਰੀ ਛੱਡ ਦਿਤੀ! ਸੰਪੂਰਨ ਅਖੰਡ ਪਾਠ ਦੇ ਭੋਗ ਤੀਕ ਚੌਕੜੀ ਮਾਰਕੇ ਬੈਠੇ ਰਹਿਣ ਦੀ ਕਰੜੀ ਘਾਲਣਾ ਆਪ ਨੇ ਘਾਲੀ। ਵਾਹਿਗੁਰੂ ਵਾਹਿਗੁਰੂ ਮੁਖਾਰਬਿੰਦ ਤੋਂ ਉਚਾਰਦੇ ਅਤੇ ਪ੍ਰਸੰਨ ਰਹਿੰਦੇ। ਸੋਲ੍ਹਾਂ ਸਾਲ ਜੇਲ੍ਹ ਯਾਤਰਾ ਕੀਤੀ। ਅੱਜ ਜੇਲ੍ਹ ਖੇਲ੍ਹ ਬਣ ਗਈ ਹੈ। ਫਲੱਸ਼ ਟੱਟੀਆਂ ਤੇ ਹਰ ਪ੍ਰਕਾਰ ਦੀਆਂ ਸਹੂਲਤਾਂ ਪ੍ਰਾਪਤ ਹਨ। ਆਪ ਨੇ ਕੋਠੀਬੰਦ ਹੋਕੇ ਮਾਰਾਂ ਖਾਕੇ ਤੇ ਤਸੀਹੇ ਝੱਲਕੇ ਜੇਲਾਂ ਨੂੰ ਭਾਗ ਲਾਏ। ਇਕੇਰਾਂ ਇਕ ਅੰਗਰੇਜ਼ ਪਾਦਰੀ ਨੇ ਜੇਲ੍ਹ ਦੀ ਜ਼ਿੰਦਗੀ ਤੱਕਣੀ ਚਾਹੀ ਭਾਈ ਸਾਹਿਬ ਨੂੰ ਉਸ ਨੇ ਪ੍ਰਸ਼ਨ ਕੀਤਾ: ਤੁਸੀਂ ਇਸ ਹਨੇਰੀ ਕਾਲ ਕੋਠੜੀ ਵਿਚ ਇਕਲੇ ਤੇ ਉਹ ਵੀ ਪ੍ਰਸੰਨ-ਚਿਤ ਕਿਵੇਂ ਰਹਿੰਦੇ ਹੋ ? ਆਪ ਨੇ ਉਤਰ ਦਿਤਾ 'ਗੁਰੂ ਮੇਰੇ ਸੰਗ ਸਦਾ ਹੈ ਨਾਲੇ।' ਸਿਮਰੁ ਸਿਮਰੁ ਤਿਸੁ ਸਦਾ ਸਮਾਲੇ।' ਮੈਂ ਇਕਲਾ ਨਹੀਂ, ਤੁਹਾਨੂੰ ਭੁਲੇਖਾ ਹੈ, ਮੇਰਾ ਵਾਹਿਗੁਰੂ ਮੇਰੇ ਸਦਾ ਅੰਗ ਸੰਗ ਹੈ। ਮੈਂ ਨਿਤਾਪ੍ਰਤੀ ਉਸ ਨਾਲ ਸਦਾ, ਬਾਤਾਂ ਕਰਦਾ ਹਾਂ। ਉਹ ਮੇਰਾ ਹੈ, ਮੈਂ ਉਸਦਾ

---

*ਹੈ ਉਹ ਇਹ ਕਿ ਪੂਜਾ ਅਕਾਲ ਦੀ ਪਰਚਾ ਸ਼ਬਦ ਦਾ, ਦੀਦਾਰ ਖਾਲਸੇ ਦਾ। ਇਸ ਤੋਂ ਬਿਨਾ

"ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ।"

ਇਸ ਦੀ ਵਾਹਿਗੁਰੂ ਪਾਸੋਂ ਵਡੀ ਤੇ ਮਹਾਨ ਮੰਗ ਹੈ। ਇਹ ਭਾਵਨਾਂ ਹੋਰ ਕਿਸੇ ਕੌਮ ਪਾਸ ਨਹੀਂ ਅਤੇ ਨਾ ਹੀ ਕੋਈ ਏਨੀ ਵਡੀ ਜਥੇਬੰਦ ਤਾਕਤ ਹੀ ਸਾਡੇ ਸਾਹਮਣੇ ਹੈ। ਆਓ! ਏਸ ਆਦਰਸ਼ ਨੂੰ ਧਾਰੀਏ। ਖ਼ਾਲਸਾ ਦੀ ਰਹਿਣੀ ਬਹਿਣੀ ਵਿਚ ਪ੍ਰਪੱਕ ਹੋ ਕੇ ਦੁਨੀਆਂ ਦੇ ਭਲੇ ਵਾਸਤੇ ਕਮਰ ਕਸੇ ਕਰੀਏ। ਜੇ ਇਸ ਆਸ਼ੇ ਸਿਖ ਕੌਮ ਦੇ ਅਜੋਕੇ ਲੀਡਰਾਂ ਨੂੰ ਮਤ ਆ ਜਾਵੇ ਤਾਂ ਕੌਮ ਦੇ ਸਮੁਚੇ ਭਾਗ ਜਾਗ ਪੈਣ। ਅਜ ਸਾਰੇ ਅਰਦਾਸ ਕਰੀਏ, 'ਹੇ ਪਾਤਸ਼ਾਹ ਸਾਨੂੰ ਬਲ ਤੇ ਹਿੰਮਤ ਬਖ਼ਸ਼ ਕਿ ਤੇਰੇ ਮਹਾਨ ਉਚ ਆਸ਼ਿਆਂ ਨੂੰ ਸਮਝੀਏ ਤੇ ਸਾਰੇ ਜਗਤ ਨੂੰ ਸਮਝਾਣ ਦਾ ਆਹਰ ਕਰੀਏ' ਤਾਂ ਜੋ ਵਿਸਾਖੀ ਦੇ ਪੁਰਬ ਮਨਾਣੇ ਖਾਲਸੇ ਦੇ ਲਈ ਸੁਹਾਵਣੇ,ਸੁਫਲ ਤੇ ਸ਼ੋਭਾ ਦਾ ਕਾਰਨ ਬਣ ਸਕਣ।


www.AKJ.org

ਹਾਂ। ਪਾਦਰੀ ਨੇ ਸੁਪਰਿਨਟੈਂਡੈਂਟ ਤੋਂ ਆਗਿਆ ਲੈਕੇ ਭਾਈ ਸਾਹਿਬ ਵਾਲੀ ਕੋਠੜੀ ਵਿਚ ਵੜ ਕੇ ਰਹਿਣਾ ਮੰਗਿਆ। ਬਸ ਦੋ ਮਿੰਟਾਂ ਉਪਰੰਤ ਹੀ ਖ਼ਤਰੇ ਦੀ ਘੰਟੀ ਬਜਾ ਦਿਤੀ ਕਿ ਮੈਨੂੰ ਬਾਹਰ ਕੱਢ ਲਓ।

ਆਪ ਉਤੇ ਦੋਸ਼ ਇਹ ਸੀ ਕਿ ਮਹਾਨ ਇਨਕਲਾਬੀ ਸ: ਕਰਤਾਰ ਸਿੰਘ ਸਰਾਭਾ ਨਾਲ ਮਿਲ ਕੇ ਅੰਗਰੇਜ਼ੀ ਸਾਮਰਾਜ ਦਾ ਤਖ਼ਤਾ ਉਲਟਾਉਣ ਦਾ ਮਨਸੂਬਾ ਤਿਆਰ ਕਰ ਰਹੇ ਸਨ। ਇਸ ਵਿਚ ਸਚਾਈ ਵੀ ਸੀ। ਆਪ ਵਾਹਿਗੁਰੂ ਦੀ ਸਰਕਾਰ ਨੂੰ ਮੰਨਦੇ ਸਨ, ਸੰਸਾਰਿਕ ਸਰਕਾਰਾਂ ਤੋਂ ਭੈ-ਭੀਤ ਨਹੀਂ ਸਨ ਹੁੰਦੇ। ਜੇਲ੍ਹ ਵਿਚ ਰਹਿੰਦੇ ਹੋਇਆਂ ਨੇ ਕਛਹਿਰੇ, ਕ੍ਰਿਪਾਨ, ਦਸਤਾਰ ਅਤੇ ਖੁਰਾਕ ਲਈ ਸ਼ਲਾਘਾ ਯੋਗ ਸੰਗਰਾਮ ਕੀਤੇ। ਨਾਮ ਬਾਣੀ ਵਿਖੇ ਆਪ ਦੀ ਅਗਾਧ ਸ਼ਰਧਾ ਸੀ, ਇਕ ਸੱਜਣ ਨਗਰ ਫਲੇਵਾਲ ਜ਼ਿਲਾ ਲੁਧਿਆਣਾ ਤੋਂ ਕੈਨੇਡਾ ਨੂੰ ਗਿਆ ਪਾਸਪੋਰਟ ਬਨਾਉਣ ਸਮੇਂ ਉਸ ਨੇ ਸੁਖ ਸੁੱਖੀ, ਜੇ ਕੈਨੇਡਾ ਜਾਣ ਦਾ ਅਵਸਰ ਸਤਿਗੁਰੂ ਦੇਣ ਤਾਂ ਉਹ ਗੁਰੂ-ਘਰ ਲਈ ਦਸਵੰਧ ਭੇਜਦਾ ਰਹੇਗਾ। ਕੈਨੇਡਾ ਪੁੱਜ ਕੇ ਉਸ ਦਾ ਮਨ ਮਾਇਆ ਨੇ ਹਰ ਲਿਆ। ਦਸਵੰਧ ਵਿਚੋਂ ਇਕ ਪਾਈ ਵੀ ਉਸ ਨੇ ਨਾ ਭੇਜੀ। ਵਾਪਸ ਦੇਸ਼ ਆਇਆ। ਉਸ ਮਾਇਆ ਵੇੜੇ ਨੂੰ ਗੰਠੀਆ ਹੋ ਗਿਆ। ਸਖਤ ਦੁੱਖ ਪਾਉਣ ਲੱਗਾ। ਸੰਗਤਾਂ ਨੇ ਭਾਈ ਸਾਹਿਬ ਨੂੰ ਪ੍ਰਾਰਥਨਾ ਕੀਤੀ ਕਿ ਇਸ ਦੁੱਖੀ ਲਈ ਅਰਦਾਸ ਕਰੋ! ਭਾਈ ਸਾਹਿਬ ਨੇ ਕਿਹਾ: ਉਸ ਮਾਲਿਕ ਦੇ ਹੁਕਮ ਵਿਚ ਇਸ ਨੂੰ ਦੁੱਖ ਮਿਲ ਰਿਹਾ ਹੈ ਇਸ ਲਈ ਅਸੀਂ ਉਸ ਦੀ ਕਾਰਵਾਈ 'ਚ ਦਖਲ ਨਹੀਂ ਦੇਣਾ ਚਾਹੁੰਦੇ! ਇਨਕਾਰ ਕੀਤਾ ਸਾਫ ਸਾਫ। ਕੁਝ ਦਿਨਾਂ ਉਪਰੰਤ ਸੰਗਤ ਨੇ ਉਸ ਪੁਰਖ ਨੂੰ ਲਿਲ੍ਹਕੜੀਆਂ ਕੱਢਦਾ ਵੇਖ ਕੇ ਫਿਰ ਪ੍ਰਾਰਥਨਾ ਕੀਤੀ। ਭਾਈ ਸਾਹਿਬ ਨੇ ਕਿਹਾ: ਇਕ ਸ਼ਰਤ ਤੇ ਮੈਂ ਅਰਦਾਸ ਕਰਨਾ ਮੰਨਦਾ ਹਾਂ, ਇਹ ਵਾਅਦੇ ਅਨੁਸਾਰ ਸਾਰੀ ਦਸਵੰਧ ਦੀ ਰਕਮ ਹਜ਼ੂਰ ਸਾਹਿਬ ਨੂੰ ਭੇਜੇ ਅਤੇ ਅਖੰਡ ਪਾਠ ਸਮੇਂ ਸ਼ਰਧਾ ਸਹਿਤ ਬਾਣੀ ਸਰਵਣ ਕਰਨ ਦਾ ਇਕਰਾਰ ਕਰੇ। ਉਸ ਦੁੱਖੀ ਨੇ ਸਮੂੰਹ ਸ਼ਰਤਾਂ ਮੰਨ ਲਈਆਂ। ਅਖੰਡ ਪਾਠ ਦੇ ਭੋਗ ਉਪਰੰਤ ਭਾਈ ਸਾਹਿਬ ਨੇ ਅਰਦਾਸ ਕੀਤੀ। ਅਰਦਾਸ ਪ੍ਰਵਾਨ ਹੋਈ, ਕਿਉਂਕਿ ਹੁਕਮ ਹੈ:–

ਬਿਰਥਾ ਕਦੇ ਨਾ ਹੋਵਈ ਜਨ ਕੀ ਅਰਦਾਸ।

ਉਪਰੋਕਤ ਫਲੇਵਾਲ ਪਿੰਡ ਵਾਲਾ ਸਿੰਘ ਅਰੋਗ ਹੋ ਗਿਆ ਤੇ ਤੁਰਨ ਫਿਰਨ ਲੱਗ ਪਿਆ।

ਸ: ਭਗਤ ਸਿੰਘ ਸ਼ਹੀਦ ਨੂੰ ਆਪ ਆਪਣੇ ਸਾਧਨਾਂ ਦੁਆਰਾ ਗੁਪਤ ਮਿਲੇ। ਉਸ ਨੂੰ ਸਿੱਖੀ ਧਾਰਨ ਕਰਨ ਦੀ ਪ੍ਰੇਰਨਾ ਕੀਤੀ। ਸ਼ਹੀਦ ਭਗਤ ਸਿੰਘ ਨੇ ਆਪਣੀ ਰੂਹਾਨੀਅਤ ਭਿੱਜੀ ਵਿਅਕਤੀ ਤੋਂ ਪ੍ਰਭਾਵਿਤ ਹੋ ਕੇ ਸਿੱਖੀ ਧਾਰਨ ਕੀਤੀ। ਕੇਸ ਰੱਖਣੇ ਸ਼ੁਰੂ ਕਰ ਦਿਤੇ ਸਨ।

ਜਦੋਂ ਰਿਹਾ ਹੋ ਕੇ ਆਏ, ਇਕੱਲੇ ਹੀ ਪਿੰਡ ਪੁੱਜੇ। ਕਿਸੇ ਨੂੰ ਖ਼ਬਰ ਤਕ ਨ ਹੋਣ ਦਿਤੀ। ਆਪ ਨਿਰਮਾਣ ਸਨ। ਕੋਈ ਅੱਜ ਦੇ ਲੀਡਰਾਂ ਵਾਂਗੂ ਸਸਤੀ ਸ਼ੁਹਰਤ ਦ ਭੁੱਖੇ ਨਹੀਂ ਸਨ। ਕੋਈ ਜਲੂਸ ਨਹੀਂ ਕਢਵਾਏ। ਪਿੰਡ ਨਾਰੰਗਵਾਲ ਪੁੱਜੇ। ਕਿਸੇ ਨੇ ਕਿਹਾ: ਕਾਸ਼ ਭਾਈ ਰਣਧੀਰ ਸਿੰਘ ਦੀ ਮਾਤਾ ਜੀਵਤ ਹੁੰਦੀ, ਉਹ ਕਿੰਨੇ ਚਾਅ ਕਰਦੀ। ਆਪ ਨੇ ਤੁਰੰਤ ਕਿਹਾ: ਕੌਣ ਕਹਿੰਦਾ ਹੈ ਕਿ ਮੇਰੀ ਮਾਤਾ ਮੈਥੋਂ ਦੂਰ ਤੇ ਵੱਖ ਹੈ। ਉਹ ਮੇਰੇ ਸਾਹਮਣੇ ਖਲੋਤੀ ਹੈ ਤੇ ਲਾਡ-ਮਲ੍ਹਾਰ ਕਰ ਰਹੀ ਹੈ। ਸੁਤੰਤਰਤ ਭਾਰਤ ਅੰਦਰ ਕਿਸੇ ਨੇ ਮਸ਼ਵਰਾ ਦਿਤਾ ਕਿ ਜੋ ਜੱਦੀ ਜਾਇਦਾਦ ਜ਼ਬਤ ਕੀਤੀ ਗਈ ਹੈ, ਉਸਦੀ ਵਾਪਸੀ ਦੀ ਦਰਖ਼ਾਸਤ ਸਰਕਾਰ ਨੂੰ ਲਿਖੀ ਜਾਵੇ ਆਪ ਨੇ ਫੁਰਮਾਇਆ ਅਸੀਂ ਸੱਚੇ ਪਾਤਸ਼ਾਹ ਪਾਸ ਅਰਜ਼ੀ ਭੇਜ ਸਕਦੇ ਹਾਂ। ਹੋਰਸ ਕਿਸੇ ਪਾਸ ਭੇਜਣੀ ਉਚਿਤ ਖਿਆਲ ਨਹੀਂ ਕਰਦੇ। ਕੋਈ ਪਿਨਸ਼ਨ ਨਹੀਂ ਮੰਗੀ ਰਾਜਸੀ ਪੀੜਤਾਂ ਦੇ ਨਾਤੇ।

ਕੀਰਤਨ ਆਪ ਦਾ ਆਧਾਰ ਸੀ। ਸੱਚ ਮੁੱਚ ਕੀਰਤਨ ਨਿਰਮੋਲਕ ਹੀਰਾ ਸਮਝਦੇ ਸਨ। ਆਪ ਨੇ ਅੰਤਮ ਸਮੇਂ ਪ੍ਰੀਤਵਾਨ ਸਿੰਘਾਂ ਨੂੰ ਕਿਹਾ: ਮੇਰੀ*


www.AKJ.Org

# ਅਨਮੋਲ ਰਤਨ

(ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਲਿਖਤ 'ਜੇਲ੍ਹ ਚਿੱਠੀਆਂ' ਵਿਚੋਂ ਚੋਣਵੇਂ ਰਤਨ)

[ ਪਿਛੇ ਤੋਂ ਅਗੇ—ਨੰ: ੪ ]

੩੨. 'ਬਿਬੇਕੀ ਉਹ ਪੁਰਸ਼ ਹੈ ਜੋ ਕੇਵਲ ਵਾਹਿਗੁਰੂ ਪ੍ਰਾਇਣ ਹੋ ਰਹੇ।' (ਪੰਨਾ ੨੩੮)

੩੩. ਮੌਤ ਤੋਂ ਗਾਫ਼ਲ ਹੋ ਕੇ ਜੀਵਨ ਬਤੀਤ ਕਰਨਾ ਅਤੇ ਲੰਮਾ ਜੀਵਨ ਲੋੜਨਾ ਪਾਪ ਦੇ ਪੰਨੇ ਵਿਚ ਪੈਣਾ ਹੈ। ਕਾਲ ਨੂੰ ਸਦਾ ਸਿਰ ਤੇ ਜਾਣ ਕੇ 'ਵਾਟ ਵਟਾਊ ਆਇਆ ਨਿਤ ਚਲਦਾ ਸਾਥ ਦੇਖੁ' ਦੇ ਗੁਰਵਾਕ ਅਨੁਸਾਰ ਜੀਵਨ ਬਤੀਤ ਕਰਨਾ ਕਾਲ ਤੋਂ ਡਰਨਾ ਨਹੀਂ ਕਿੰਤੂ ਪਾਪਾਂ ਕੋਲੋਂ, ਪਾਪ ਕਰਨੋਂ ਕੰਬਣਾ ਹੈ, ਅਤੇ ਇਸ ਸਦੀਵੀ ਭੈ-ਭੀਤ ਦਸ਼ਾ ਅੰਦਰ ਵਰਤ ਕੇ ਆਪਣੀ ਆਪੂ ਨੂੰ ਸੰਵਾਰਨਾ ਤੇ ਮਨੁਖ ਜਾਮੇ ਦੀ ਜੀਵਨ ਯਾਤਰਾ ਨੂੰ ਸਫ਼ਲ ਕਰਨਾ ਹੈ। (ਪੰਨਾ ੨੫੨)

੩੪. ਕਾਲ ਦੇ ਭੈ ਤੋਂ ਨਿਰਭੈ ਹੋਈ ਵੀ ਬਿਵਸਥਾ ਅੰਦਰ ਚਲਾਣਾ ਕਰਨਾ ਕਾਲ ਅਥਵਾ ਮੌਤ ਚਲਾਣਾ ਨਹੀਂ, ਕਿੰਤੂ ਅਕਾਲ ਚਲਾਣਾ ਹੈ। ਇਸ ਬਿਧ ਮਰਜੀਵੜੇ ਹੋਕੇ ਮਰਨਾ ਮੌਤ ਵਾਲਾ ਧਰਮ ਨਹੀਂ, ਮਰਨ ਨੂੰ ਸਵਾਰਨਾ ਹੈ। (ਪੰਨਾ ੨੫੨)

੩੫. 'ਜੀਵਤ ਸਾਹਿਬੁ ਸੇਵਿਓ ਆਪਨਾ ਚਲਤੇ ਰਾਖਿਓ ਚੀਤਿ' ਗੁਰਵਾਕ ਦੇ ਭਾਵ ਅਨੁਸਾਰ ਜਿਨ੍ਹਾਂ ਨੇ ਆਪਣੀ ਸੰਸਾਰ ਯਾਤਰਾ ਨੂੰ ਪੂਰਾ ਕੀਤਾ ਹੈ, ਅਜੇਹੇ ਪਵਿਤ੍ਰ ਜੀਵਨ ਵਾਲੀਆਂ ਰੂਹਾਂ ਦੇ ਅਕਾਲ ਚਲਾਣੇ ਗੁਰੂ ਘਰ ਵਿਖੇ ਅਸੀਂ ਆਏ ਦਿਨ ਹੁੰਦੇ ਸੁਣਦੇ ਹਾਂ। ਪਰ ਤਿਨਾਂ ਪਵਿਤ੍ਰ

---

*ਯਾਦਗਾਰ ਕੋਈ ਨਾ ਬਣਾਈ ਜਾਵੇ। ਉਹਨਾਂ ਦੀ ਯਾਦਗਾਰ ਉਹ ਤਿਆਰ-ਬਰ-ਤਿਆਰ ਸਿੰਘ ਹਨ, ਜੋ ਰੈਣ-ਸਬਾਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਕੀਰਤਨੀਆਂ ਦੀ ਸੰਸਥਾ ਆਪ ਦੀ ਮਹਾਨ ਯਾਦਗਾਰ ਹੈ। ਕੋਈ ਬਿਖਮ ਸਮੱਸਿਆ ਹੋਵੇ ਪੰਜ ਸਿੰਘ ਪੰਜਾਂ ਪਿਆਰਿਆਂ ਦੇ ਰੂਪ ਵਿਚ ਸਾਂਝੀ ਸੋਚ ਦੁਆਰਾ ਫੈਸਲਾ ਕਰ ਲੈਂਦੇ ਹਨ।

ਧੰਨਜ ਹੈ ਉਹ ਧਰਤੀ ਜਿਸ ਨੇ ਸੰਤ ਭਾਈ ਰਣਧੀਰ ਸਿੰਘ ਨੂੰ ਜਨਮ ਦਿਤਾ। ਆਪ ਦੇ ਸੁਯੋਗ ਸਪੁੱਤਰ ਸ: ਬਲਬੀਰ ਸਿੰਘ ਪੀ.ਡਬਲਯੂ.ਡੀ. ਦੇ ਮਹਿਕਮੇ ਵਿਚ ਐਕਸੀਅਨ ਹਨ। ਵੱਢੀ ਨਹੀਂ ਖਾਂਦੇ। ਆਪਣਾ ਪ੍ਰਸ਼ਾਦਾ ਆਪ ਸਜਾਉਂਦੇ ਹਨ। ਪੂਰਾ ਗੁਰਮੁਖੀ ਜੀਵਨ ਬਤੀਤ ਕਰਦੇ ਹਨ। ਵਾਹਿਗੁਰੂ ਦੀ ਰਹਿਮਤ ਹੈ।

—o—



www.AKJ.org

ਜਿੰਦੜੀਆਂ ਦੇ ਪੂਰਨਿਆਂ ਉਤੇ ਚਲਣ ਦਾ ਚਾਉ ਭੀ ਕਦੇ ਅਸਾਡੇ ਚਿਤਾਂ ਅੰਦਰ ਉਠਿਆ ਹੈ ? ਜੇ ਨਹੀਂ ਉਠਿਆ ਤਾਂ ਸਮਝ ਲਵੋ ਅਜੇ ਅਸਾਡੇ ਆਤਮਾ ਅੰਦਰ ਧਰਮ ਦੀ ਉਹ ਅੰਸ ਉਤਪਨ ਨਹੀਂ ਹੋਈ ਜਿਸਨੇ ਸਾਡੇ ਪਰਮਾਰਥ ਸਬੰਧੀ ਪੰਥਕ ਜ਼ੀਵਨ ਨੂੰ ਸੁਰਜੀਤ ਕਰਨਾ ਹੈ।

(ਪੰਨਾ ੨੫੩)

੩੬. ਸੋ ਐ ਬੀਬੀ ਜੀ ਦੇ ਪਰਮ ਪਰੇਮ ਵਿਜੋਗੀ ਸਹੋਦਰ ਸਬੰਧੀਓ ! ਤੁਸੀਂ ਨਿਰਾਸ ਅਤੇ ਉਦਾਸ ਨਾ ਹੋਵੋ। ਵਿਜੋਗੀ ਬਣਨਾ ਹੈ ਤਾਂ ਨਿਸੰਗ ਬਣੋ, ਪਰ ਤੁਹਾਡੇ ਵਿਜੋਗ ਦਾ ਅੰਕੁਰ ਇਹ ਕੇਵਲ ਇਹੋ ਹੀ ਉਗਵੇ ਕਿ ਤੁਸੀਂ ਬੀਬੀ ਜੀ ਦੀ ਅੰਤ ਕਾਲ ਦੀ ਅਡੋਲ ਦਸ਼ਾ ਅਤੇ ਪ੍ਰਮਾਤਮਾਂ ਦੇ ਸਰੂਪ ਵਿਖੇ ਲਿਵਲੀਨ ਹੋਕੇ ਜੁੜੀ ਹੋਈ ਬਿਰਤੀ ਦੇ ਅਕਸ ਨੂੰ ਆਪਣੇ ਇੰਦੀਏ ਅੰਦਰ ਉਤਾਰਦੇ ਹੋਏ ਤਿਸ ਕਉਤਕੀ ਕ੍ਰਿਸ਼ਮੇ ਨੂੰ ਆਪਣੀ ਆਤਮਕ ਕਮਾਈ ਦੀ ਘਸਵਟੀ ਬਣਾਉ। ਵਿਜੋਗੀ ਬਣਨਾ ਹੈ ਤਾਂ ਜੀ ਸਦਕੇ ਬਣੋ, ਪਰ ਤੁਹਾਡੇ ਵਿਜੋਗ ਦਾ ਸਿਟਾ ਇਹ ਨਿਕਲੇ ਕਿ ਬੀਬੀ ਜੀ ਦੇ ਉਮਰ ਭਰ ਦੇ ਉਪਦੇਸ਼ਾਂ ਨੂੰ ਚਿਤ ਵਿਖੇ ਵਸਾਉਂਦੇ ਹੋਏ ਬੀਬੀ ਜੀ ਦੇ ਜੀਵਨ ਵਿਚ ਕੁਟ ਕੁਟ ਕੇ ਭਰੇ ਹੋਏ ਰੋਮ ਰੋਮ ਵਿਚ ਅਰੂੜ ਹੋਏ ਗੁਰਮਤਿ ਆਸ਼ੇ ਅਨੁਸ਼ਾਰ ਆਪਣੇ ਆਪ ਨੂੰ ਪਰਬੋਧੋ।...... ਅਜੇਹੇ ਵਿਜੋਗ ਦੇ ਵਿਜੋਗੀ ਬਣਨਾ ਤੁਸਾਡਾ ਲੋਕ ਸੁਖੀ ਅਤੇ ਪ੍ਰਲੋਕ ਸੁਹੇਲੇ ਹੋਣਾ ਹੈ।

(ਪੰਨਾ ੨੫੮-ਇਕ ਗੁਰਮੁਖ ਬੀਬੀ ਦੇ ਅਕਾਲ ਚਲਾਣੇ ਸਬੰਧੀ)

੩੭. (ਮੁਲਤਾਨ ਜੇਲ੍ਹ ਵਿਚ ਚਾਲੀਸ (੪੦) ਦਿਨ ਨਿਰਜਲ ਤੇ ਨਿਰਅਹਾਰ ਕੜਾਕੇ ਪਸਚਾਤ) ਆਥਣ ਨੂੰ ਮੈਡੀਕਲ ਅਫ਼ਸਰ ਮੇਰੇ ਦੇਵਤਾ ਖਸਲਤ ਹਿਤੈਸ਼ੀ ਜੀ ਆਏ ਅਤੇ ਮੇਰੇ ਖਾਣ ਲਈ ਇਕ ਖ਼ਰਬੂਜ਼ਾ ਲਿਆਏ। ਮੈਂ ਉਨ੍ਹਾਂ ਦਾ ਥੈਂਕਸ ਅਦਾ ਕੀਤਾ (ਧੰਨਵਾਦ ਕੀਤਾ) ......ਡਾਕਟਰ ਨਿਮਰੀ ਭੂਤ ਹੋ ਕੇ ਕਹਿਣ ਲਗਾ ਕਿ ਇਹ ਸਭ ਆਪ ਦੇ ਸਿਦਕ ਨੂੰ ਫਲ ਲਗੇ ਹਨ......ਹਰ ਹਾਲ ਵਿਚ ਅਕਾਲ ਪੁਰਖ ਦਾ ਧੰਨਵਾਦ ਕਰਨਾ ਹੀ ਲਾਜ਼ਮ ਹੈ। ਇਸ ਕਥਨ ਤੇ ਦਾਸ ਕੁਝ ਨਾਦਮ ਤੇ ਲੱਜਾਵਾਨ ਜੇਹਾ ਹੋ ਗਿਆ ਕਿ ਸਚ ਮੁਚ ਇਕ ਗੁਰੂ ਅਕਾਲ ਦੇ ਬਿਨਾ ਹੋਰ ਕਿਸੇ ਅਲਪੱਗ ਇਨਸਾਨ ਦਾ ਸ਼ੁਕਰ ਗੁਜ਼ਾਰ ਹੋਣਾ ਇਕ ਖ਼ੁਸ਼ਾਮਦ ਜਿਹੀ ਹੀ ਹੈ, ਅਤੇ ਇਕ ਗੁਰੂ ਪ੍ਰਾਇਣੀ ਆਸਰੇ ਤੋਂ ਬੇਮੁਖ ਹੋਣ ਵਾਲੀ ਮਨ-ਮੁਖਤਾ ਹੀ ਹੈ। ਅਤੇ 'ਆਪ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਇ' ਵਾਲੀ ਗੁਰਦਰਸਾਈ ਭਰੋਸੇ ਵਾਲੀ ਦਸ਼ਾ ਤੋਂ ਦੂਰ ਹੋਣ ਵਾਲੀ ਗਲ ਹੈ। (ਪੰਨਾ ੨੬੬)

੩੮. ਦਿਨੇ ਭਠ ਵਾਂਗੂੰ ਤਪਦੀ ਗਰਮੀ ਵਿਚ ਹਥਕੜੀ ਲਾਈ ਖੜੋਤੇ ਰਖਣਾ, ਰਾਤ ਨੂੰ ਤਨੂਰ ਵਰਗੀ ਤਪਦੀ ਕੋਠੜੀ ਵਿਚ ਤਾੜੀ ਰਖਣਾ। ਦੇਖਣਹਾਰੇ ਤ੍ਰਾਹ ਤ੍ਰਾਹ ਕਰ ਉਠੇ ਸਨ......ਪਰ—

"ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪਰੇਮ ਜਾਇ ਤਉ ਡਰਪੈ ਤੇਰੋ ਜਨੁ ॥"

ਗੁਰਵਾਕ ਦੇ ਭਾਵ ਵਾਲੀ ਘਟਨਾ ਜਿਨ੍ਹਾਂ ਗੁਰੂ ਵਰੋਸਾਏ ਵਜੂਦਾਂ ਉਤੇ ਇਨ ਬਿਨ ਘਟੀ ਹੋਣੀ ਹੋਵੇ ਉਹਨਾਂ ਨੂੰ ਅਜੇਹੇ ਤੌਖਲਿਆਂ ਦੇ ਕੀ ਫ਼ਿਕਰ ਅੰਦੇਸੇ। ਐਥੇ ਤਾਂ—

"ਮਰਣੈ ਕੀ ਚਿੰਤਾ ਨਹੀ ਜੀਵਨ ਕੀ ਨਹੀਂ ਆਸ ॥"

ਵਾਲੀ ਦੇਹ ਅਧਿਆਸੀ ਉਪ੍ਰਾਮਤਾ ਸੁਤੇ ਸਹਿਤ ਹੀ ਬਣੀ ਹੋਈ ਸੀ। (ਪੰਨਾ ੨੬੮)

੩੯. ਖਾਲਸਾ ਖੂਬ ਗੱਜਦਾ ਗਜਾਉਂਦਾ ਅਤੇ ਸ਼ਬਦ ਗਾਉਂਦਾ ਅਤੇ ਛੈਣਿਆਂ ਦੇ ਥਾਉਂ ਬੇੜੀਆਂ ਨੂੰ ਖੜਕਾਉਂਦਾ ਕੀਰਤਨ ਦੀਆਂ ਘੁੰਮਰਾਂ ਪਾਉਂਦਾ ਅਤੇ ਨਿਰਸੰਸੇ ਹੋਕੇ ਸਫ਼ਰ ਕਰ ਰਿਹਾ ਸੀ।

(ਪੰਨਾ ੨੭੩)

(ਮਨਮੋਹਨ ਸਿੰਘ ਪਟਨਾ)

[ਚਲਦਾ]


www.AKJ.org

# {ਅੰਮ੍ਰਿਤ–ਕਲਾ}

(ਭਾਈ ਜਗਤ ਸਿੰਘ 'ਜਗਤ'–ਫਤੋਵਾਲ)

ਕਲਗੀਧਰ ਦਸਮੇਸ਼ ਪਿਤਾ ਜੀ ਨੇ ਆਪਣੀ ਉਮਰ ਦੇ ਕਲੀਲ ਅਰਸੇ ਬਤਾਲੀ ਸਾਲ ਦੀ ਉਮਰ 'ਚ ਅਕਾਲ ਪੁਰਖ ਵਾਹਿਗੁਰੂ ਜੀ ਦੀ ਕ੍ਰਿਪਾ ਨਾਲ ਉਹ ਮਹਾਨ ਪੂਰਨੇ ਪਾਏ, ਜਿਸ ਨੂੰ ਕੋਈ ਵੀ ਇਨਸਾਨ ਲੱਖਾਂ ਤੇ ਕਰੋੜਾਂ ਬਰਸਾਂ ਵਿਚ ਵੀ ਕਰਨੋਂ ਅਸਮਰਥ ਰਹਿ ਸਕਦਾ ਹੈ। ਏਹੀ ਤਾਂ ਕਾਰਨ ਸੀ ਪਿਛਲੇ ਜਨਮ ਵਿਚ ਆਪ ਹੇਮਕੁੰਟ ਪ੍ਰਬਤ ਪਰ ਪ੍ਰਭੂ ਭਗਤੀ ਵਿਚ ਨਿਪੁੰਨ ਹੋਏ ਤਾਂ ਸਰਬ ਸ਼ਕਤੀਮਾਨ ਅਕਾਲ ਪੁਰਖ ਜੀ ਆਪ ਇਨਾਂ ਨੂੰ ਦਰਸ਼ਨ ਦੇਣ ਆਏ। ਜਦੋਂ ਆਪ ਜੀ ਨੂੰ ਅਕਾਲ ਪੁਰਖ ਨੇ ਦੁਬਾਰਾ ਸੰਸਾਰ ਤੇ ਖ਼ਾਲਸਾ ਪੰਥ ਸਾਜਨ ਨਿਵਾਜਨ ਦੀ ਪਰੇਰਨਾਂ ਕੀਤੀ ਤਾਂ ਹਜ਼ੂਰ ਦਸਮੇਸ਼ ਜੀ ਨੇ ਬਚਨ ਕੀਤਾ ਸੀ ਕਿ:—

ਠਾਢ ਭਯੋ ਮੈ ਜੋਰਿ ਕਰ ਬਚਨ ਕਹਾ ਸਿਰ ਨਿਆਇ।
ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ।

ਇਸ ਬਚਨ ਨੂੰ ਪੂਰਾ ਕਰਨ ਲਈ ਅਕਾਲ ਪੁਰਖ ਜੀ ਨੇ ਖੁਦ ਫੁਰਮਾਇਆ।

ਮੈਂ ਅਪਨਾ ਸੁਤ ਤੁਹਿ ਨਿਵਾਜਾ।
ਪੰਥ ਪ੍ਰਚੁਰ ਕਰਬੇ ਕਉ ਸਾਜਾ।

ਇਹ ਕਲਗੀਧਰ ਪਿਤਾ ਨੇ ਬਚਿਤਰ ਨਾਟਕ ਵਿੱਚ ਹਵਾਲੇ ਦਿਤੇ ਹਨ। ਸਾਨੂੰ ਤਾਂ ਇਹ ਭਲੀ ਭਾਂਤ ਸਿਧ ਹੋ ਜਾਣਾ ਚਾਹੀਦਾ ਹੈ, ਕਿ ਦਸਮੇਸ਼ ਜੀ ਨੂੰ ਅਕਾਲ ਪੁਰਖ ਨੇ ਆਪਣਾ ਪੁਤਰ ਬਣਾਕੇ ਕਲਜੁਗ ਤਾਰਨੇ ਖਾਤਰ ਗੁਰੂ ਨਾਨਕ ਦੇਵ ਜੀ ਦਾ ਦਸਵਾਂ ਜਾਮਾਂ ਬਖਸ਼ ਕੇ ਔਰੰਗਜ਼ੇਬ ਦੇ ਜ਼ੁਲਮੀ ਰਾਜ ਦਾ ਤਖਤਾ ਉਲਟਾ ਦਿਤਾ। ਹਿੰਦੁਸਤਾਨ ਵਿਚ ਜ਼ਾਲਿਮਾਂ ਤੇ ਜਾਬਰਾਂ ਹਥੋਂ ਜਨਤਾ ਨੂੰ ਬਚਾਨ ਲਈ ਆਪ ਜੀ ਦਾ ਸਾਰਾ ਸਰਬੰਸ ਕੁਰਬਾਨ ਕਰਨਾ ਸਾਰੇ ਸੰਸਾਰ ਲਈ ਇਕ ਦਿਲ-ਹਲਾਊ ਮਿਸਾਲ ਹੈ।

ਆਪਣੇ ਨਿਜੀ ਸੁਆਰਥਾਂ ਨੂੰ ਬਾਜਾਂਵਾਲੇ ਨੇ ਕੁਝ ਨਹੀਂ ਕੀਤਾ ਜੋ ਕੁਝ ਕੀਤਾ ਪ੍ਰਉਪਕਾਰ ਦਾ ਮਾਰਗ ਪਕਿਆਂ ਕਰਨ ਲਈ ਕੀਤਾ। ਦਰਵੇਸ਼ ਮੁਸਲਮਾਨ ਆਪ ਨੂੰ ਸਚਾ ਪਾਤਸ਼ਾਹ ਬੋਲਦੇ ਸਨ। ਦਸਵੇਂ ਪਾਤਸ਼ਾਹ ਜੀ ਨੇ ਜੋ ਘਾਲਨਾਂ, ਪ੍ਰਉਪਕਾਰ ਸਾਡੇ ਲਈ ਕੀਤੇ ਉਹ ਅਸੀਂ ਕਦੇ ਵੀ ਅਖੋਂ ਉਹਲੇ ਨਹੀਂ ਕਰ ਸਕਦੇ। ਖੂਨੀ ਇਤਿਹਾਸ ਆਪਦਾ ਮਾਨੁਖਤਾ ਨੂੰ ਕਦੇ ਵੀ ਢਹਿੰਦੀਕਲਾ ਵਲ ਨਹੀਂ ਜਾਣ ਦੇਂਦਾ। ਗਰੀਬਾਂ ਮਜ਼ਲੂਮਾਂ ਲਈ ਨੌਂ ਬਰਸ ਦੀ ਉਮਰ ਵਿਚ ਆਪਣਾ ਪਿਆਰਾ ਪਿਤਾ ਵਾਰ ਦੇਣਾ ਇਕ ਅਮਿਟ ਕੁਰਬਾਨੀ ਆਪ ਜੀ ਦੀ ਖਾਲਸੇ ਨੂੰ ਸਦਾ ਚੜ੍ਹਦੀ ਕਲਾ ਵਿਚ ਰਖਦੀ ਹੈ।

ਬਾਈਧਾਰ ਦੇ ਰਾਜਿਆਂ ਨੇ ਸਤਿਗੁਰੂ ਜੀ ਨਾਲ ਬੜੀ ਅਪਨੀਤੀ ਕੀਤੀ ਤੇ ਦਸਮੇਸ਼ ਜੀ ਦੇ ਪ੍ਰਉਪਕਾਰ ਵਲ ਜ਼ਰਾ ਝਾਤ ਨਾ ਪਾਈ। ਕਲਗੀਧਰ ਪਾਤਸ਼ਾਹ ਜੀ ਨੇ ਕਿਸੇ ਵੀ ਜ਼ਾਤੀ ਵਿਤਕਰੇ ਹੇਠ ਲੜਾਈ ਨਹੀਂ ਲੜੀ। ਆਪ ਜੀ ਦਾ ਮੁਖ ਨਿਸ਼ਾਨਾ ਹੀ ਇਹ ਸੀ ਜੋ ਜ਼ਾਲਮਾਂ ਨੂੰ ਸੋਧਣਾ ਤੇ ਗਰੀਬਾਂ-ਅਨਾਥਾਂ ਦੀ ਸਹਾਇਤਾ


www.AKJ.Org

ਕਰਨੀ। ਆਪ ਜੀ ਨੇ ਆਪਣੇ ਸਿਖਾਂ ਨੂੰ ਇਕ ਅਕਾਲ ਪੁਰਖ ਤੇ ਭਰੋਸਾ ਰਖਣਾ ਦਸਿਆ। ਬਾਈਧਾਰ ਦੇ ਰਾਜੇ ਆਪਣੀਆਂ ਚੌਧਰਾਂ ਛਡਣੀਆਂ ਨਹੀਂ ਸਨ ਚਾਹੁੰਦੇ। ਉਹ ਸਤਿਗੁਰੂ ਜੀ ਦੀ ਨਿਰੋਲ ਸਾਂਝੀਵਾਲਤਾ ਨੂੰ ਗ਼ਲਤ ਖਿਆਲ ਕਰਦੇ ਸਨ। ਅਕਾਲ ਪੁਰਖ ਜੀ ਦੇ ਭਰੋਸੇ ਹੀ ਦਸਵੇਂ ਪਾਤਸ਼ਾਹ ਨੇ ਮੁਠੀ ਭਰ ਸਿਖਾਂ ਨਾਲ ਬਾਈਧਾਰ ਦੇ ਰਾਜਿਆਂ ਨਾਲ ਭੰਗਾਣੀ ਦੇ ਜੁਧ ਵਿਚ ਭਾਰੀ ਫ਼ਤਹ ਹਾਸਲ ਕੀਤੀ ਸੀ। ਸਿੰਘ ਜੰਗ ਵਿਚ ਵੀ ਬਾਣੀ ਪੜ੍ਹਦੇ ਸਨ।

ਭੰਗਾਣੀ ਜੁਧ ਜਿੱਤਕੇ ਕਲਗੀਧਰ ਪਾਤਸ਼ਾਹ ਨੇ ਆਪਣਾ ਪਿਛਲਾ ਅਕਾਲੀ ਪ੍ਰੋਗਰਾਮ ਅਰੰਭ ਕੀਤਾ। ਆਪ ਜੀ ਆਪਣਿਆਂ ਸਿਖਾਂ ਨੂੰ ਹੋਰ ਚੜ੍ਹਦੀ ਕਲਾ ਬਖਸ਼ ਕੇ ਮਾਲ ਮਾਲ ਕਰ ਦਿਤਾ। ਮਾਤਾ ਗੁਜਰੀ ਦੇ ਸਪੂਤ ਨੇ ਹਿੰਦੁਸਤਾਨ ਦੀ ਤਕਦੀਰ ਨੂੰ ਸਦਾ ਲਈ ਬਦਲ ਕੇ ਰਖ ਦਿਤਾ। ਹੇਮਕੁੰਟ ਦੀ ਪਵਿਤਰ ਭਗਤੀ ਦੇ ਵਿਰਸੇ ਵਿਚ ਅਕਾਲ ਪੁਰਖ ਤੋਂ ਅੰਮ੍ਰਿਤ ਕਲਾ ਆਪ ਨੂੰ ਪ੍ਰਾਪਤ ਹੋਈ ਸੀ। ਅਫ਼ਸੋਸ! ਅਜ ਤੀਕ ਦੁਨੀਆਂ ਵਾਲੇ ਆਪ ਜੀ ਦੀ ਬਖਸ਼ਸ਼ ਤੇ ਨਿਰੋਲ ਏਕਤਾ ਨੂੰ ਸਮਝ ਨਹੀਂ ਸਕੇ। ਸਤਿਗੁਰੂ ਜੀ ਨੇ 1756 ਸੰਮਤ ਵਿਸਾਖੀ ਤੇ ਖਾਲਸਾ ਪੰਥ ਸਾਜਿਆ। ਉਸ ਵਿਸਾਖੀ ਤੇ ਗੁਰੂ ਜੀ ਨੇ ਦੂਰੋਂ ਨੇੜਿਓਂ ਸਿੱਖ ਸੰਗਤਾਂ ਸੱਦ ਕੇ ਇਕ ਬੜਾ ਭਾਰੀ ਦੀਵਾਨ ਸਜਾਇਆ ਸੀ। ਆਪ ਜੀ ਨੂੰ ਪੰਜਾਂ ਸਿਖਾਂ ਨੇ ਸੀਸ ਭੇਟ ਕੀਤੇ ਸਨ। ਸ੍ਰੀ ਅਨੰਦਪੁਰ ਸਾਹਿਬ ਵਿਖੇ ਜਿਥੇ ਤਖ਼ਤ ਕੇਸਗੜ੍ਹ ਹੈ ਉਸ ਜਗ੍ਹਾ ਸਤਿਗੁਰੂ ਜੀ ਨੇ ਆਪਣੀ ਹਥੀਂ ਖੰਡੇ ਦਾ ਅੰਮ੍ਰਿਤ ਤਿਆਰ ਕਰ ਕੇ ਉਹਨਾਂ ਪੰਜਾਂ ਸਿਰਲੱਥ ਸੂਰਮਿਆਂ ਤੇ ਛਿੜਕ ਕੇ ਸੁਰਜੀਤ ਕੀਤਾ। ਜਦੋਂ ਪੰਜ ਪੰਜ ਘੁਟਾਂ ਉਹਨਾਂ ਦੇ ਸਿਰਾਂ, ਅੱਖਾਂ ਅਤੇ ਮੂੰਹਾਂ ਵਿਚ ਪਾਈਆਂ ਸੀ ਤਾਂ ਉਹ ਤੁਰਤ ਤਲਵਾਰਾਂ ਪਕੜ ਸ਼ੇਰਾਂ ਦੀ ਤਰ੍ਹਾਂ ਝੂਮ ਉਠ ਸੀ। ਬਾਜਾਂਵਾਲੇ ਨੇ ਅਕਾਲਪੁਰਖ ਜੀ ਦਾ ਲਖ ਲਖ ਸ਼ੁਕਰ ਕੀਤਾ ਤੇ ਉਹਨਾਂ ਪੰਜਾਂ ਨੂੰ ਖਾਲਸਾ ਪੰਥ ਕਹਿ ਕੇ ਨਿਵਾਜਿਆ ਤੇ ਸਿਖ ਨੂੰ ਸਿੰਘ ਦਾ ਪਵਿਤਰ ਨਾਮ ਦਿਤਾ। ਉਹਨਾਂ ਪੰਜਾਂ ਦੇ ਨਾਮ ਨਾਲ ਸਿੰਘ ਪੁਕਾਰਿਆ ਗਿਆ। ਸਤਿਗੁਰੂ ਜੀ ਨੇ ਆਪ ਉਹਨਾਂ ਪਾਸੋਂ ਜਦੋਂ ਖੰਡੇ ਦੇ ਅੰਮ੍ਰਿਤ ਦੀ ਮੰਗ ਕੀਤੀ ਤੇ ਉਹ ਪੰਜੇ ਮਹਾਂਬਲੀ ਕੜਕ ਕੇ ਕਲਗੀਧਰ ਜੀ ਨੂੰ ਪੁਛਣ ਲਗੇ ਸਾਨੂੰ ਤਾਂ ਸੀਸ ਭੇਟ ਕਰਕੇ ਅੰਮ੍ਰਿਤ ਮਿਲਿਆ ਹੈ ਤੇ ਸਿੰਘ ਸਜੇ ਹਾਂ ਹੁਣ ਤੁਸੀਂ ਦਸੋ ਇਸ ਅੰਮ੍ਰਿਤ ਦੀ ਕੀ ਭੇਟ ਦੇਵੋਗੇ।

ਸਤਿਗੁਰੂ ਜੀ ਨੇ ਖਾਲਸਾ ਪੰਥ ਗੁਰੂ ਰੂਪ ਪੰਜਾਂ ਪਿਆਰਿਆਂ ਨੂੰ ਬੜੀ ਨਿੰਮਰਤਾ ਅਧੀਨਗੀ ਸਹਿਤ ਕਿਹਾ ਤੁਸੀਂ ਸਿੰਘੋ ਦੇਖ ਲੈਣਾ ਜਿਵੇਂ ਤੁਸਾਂ ਸੀਸ ਦੇ ਕੇ ਅੰਮ੍ਰਿਤ ਲਿਆ ਹੈ ਮੈਂ ਇਸ ਪਵਿੱਤਰ ਖੰਡੇ ਦੇ ਅੰਮ੍ਰਿਤ ਤੋਂ ਸਾਰਾ ਸਰਬੰਸ ਵਾਰ ਦਿਆਂਗਾ। ਇਹ ਅਡੋਲ ਬਚਨ ਸੁਣ ਕੇ ਪੰਜਾਂ ਪਿਆਰਿਆਂ ਨੇ ਖ਼ੁਸ਼ੀਆਂ ਵਿਚ ਆ ਕੇ ਦਸਮੇਸ਼ ਜੀ ਨੂੰ ਅੰਮ੍ਰਿਤ ਬਖ਼ਸ਼ਿਆ ਤੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਨਾਮ ਰਖਿਆ। ਬਾਹਰ ਬੈਠੀ ਸਮੂਹ ਸੰਗਤ ਵਿਚ ਜਦੋਂ ਪੰਜਾਂ ਪਿਆਰਿਆਂ ਨੂੰ ਨਾਲ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਆਏ ਤਾਂ ਸਾਰਿਆਂ ਕਿਸੇ ਅਗੰਮੀ ਜੋਸ਼ ਵਿਚ ਆਣ ਕੇ ਕਿਹਾ :—

ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

ਖਾਲਸੇ ਦੀ ਪਹਿਲੀ ਵਿਸਾਖੀ ਕਾਇਆਂ ਪਲਟਾਊ ਇਤਿਹਾਸਕ ਅਮਰ ਯਾਦ ਹੈ। ਸਤਿਗੁਰੂ ਜੀ ਨੇ ਖਾਲਸਾ ਪੰਥ ਸਾਜ ਕੇ ਮਹਾਨ ਖੁਸ਼ੀ ਕੀਤੀ। ਮਾਤਾ ਸਾਹਿਬ ਕੌਰ ਤੇ ਸਤਿਗੁਰੂ ਜੀ ਦੀ ਕ੍ਰਿਪਾ ਹੋਈ ਜਿਨ੍ਹਾਂ ਅੰਮ੍ਰਿਤ ਦੇ ਬਾਟੇ ਵਿਚ ਪਤਾਸਿਆਂ ਦੀ ਝੋਲੀ ਆਨ ਪਾਈ ਸੀ। ਬਾਜਾਂਵਾਲੇ ਨੇ ਕਿਹਾ ਲੈ ਸਾਹਿਬ ਕੌਰ ਮੈਂ ਖਾਲਸਾ ਤੇਰੀ ਝੋਲੀ ਪਾ ਦਿਤਾ ਹੈ। ਅੰਮ੍ਰਿਤਧਾਰੀ ਸਿੰਘਾਂ ਦੇ ਦਸਵੇਂ ਪਾਤਸ਼ਾਹ ਆਪ ਨਾਦੀ ਪਿਤਾ ਬਣੇ ਤੇ ਸਾਹਿਬ ਕੌਰ ਜੀ ਨੂੰ ਮਾਤਾ ਦਾ ਨਾਤਾ ਮਿਲਿਆ। ਕਲਗੀਧਰ ਜੀ ਨੇ ਖਾਲਸੇ ਨੂੰ ਪੰਜ ਜ਼ਾਹਰਾ ਰਹਿਤਾਂ—ਕਛ, ਕੜਾ, ਕਿਰਪਾਨ, ਕੰਘਾ, ਕੇਸਕੀ ਬਖਸ਼ ਕੇ ਇਕ ਧਾਗੇ ਵਿਚ ਪਰੋ ਦਿਤਾ, ਤੇ ਚੌਹਾਂ ਵਰਨਾਂ ਨੂੰ ਅੰਮ੍ਰਿਤ ਕਲਾ ਬਖਸ਼ ਕੇ ਸੰਤ ਸਿਪਾਹੀ ਬਣਾ ਦਿਤਾ। ਗੁਰੂ ਜੀ ਨੇ


www.AKJ.Org

ਸਿੰਘਾਂ ਨੂੰ ਇਤਨੀ ਤਾਕਤ ਬਖਸ਼ੀ ਕਿ ਸਿੰਘਾਂ ਨੇ ਹਾਥੀ, ਸ਼ੇਰਾਂ ਦਾ ਖੁਲੇ ਮੈਦਾਨ ਮੁਕਾਬਲਾ ਕੀਤਾ।

ਭਾਈ ਬਚਿਤਰ ਸਿੰਘ ਦੀ ਨਾਗਣੀ ਸ੍ਰੀ ਕੇਸਗੜ੍ਹ ਜਿਉਂ ਕਾ ਤਿਉਂ ਜ਼ਿੰਦਾ ਸਬੂਤ ਹੈ ਜਿਸ ਨੇ ਖੂਨੀ ਹਾਥੀ ਨੂੰ ਪਛਾੜ ਛਡਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਧਾਰ ਅੰਮ੍ਰਿਤ ਕਲਾ ਖਾਲਸੇ ਨੂੰ ਬਖਸ਼ ਕੇ ਚਾਰ ਜੁਗਾਂ ਦਾ ਰਾਜ ਬਖਸ਼ਿਆ ਹੈ। ਸਚ ਮੁਚ ਚਿੜੀਆਂ ਨੇ ਖੂਨੀ ਬਾਜਾਂ ਦਾ ਮਾਸ ਨੋਚ ਛਡਿਆ ਸੀ। ਚਮਕੌਰ ਦੀ ਗੜ੍ਹੀ ਵਿਚ ਗੁਰੂ ਜੀ ਦੇ ਵਡੇ ਸਾਹਿਬਜ਼ਾਦੇ ਤੇ ਸਿਦਕੀ ਸਿੰਘ ਸਵਾ ਸਵਾ ਲਖ ਨਾਲ ਲੋਹਾ ਲੈਕੇ ਸ਼ਹੀਦ ਹੋਏ। ਸਤਿਗੁਰੂ ਜੀ ਨੇ ਤੰਬਾਕੂ ਨੋਸ਼ ਕਰਨਾਂ ਤੇ ਕੇਸ ਦਾੜੀ ਦਾ ਕਤਲ ਕਰਨਾਂ ਦੋ ਵਡੀਆ ਬੱਜਰ ਕੁਰਹਤਾਂ ਵਿਚ ਸ਼ੁਮਾਰ ਕੀਤਾ ਹੈ। ਸ਼ਰਮ ਆਉਂਦੀ ਹੈ ਅਜ ਨੌਜਵਾਨ ਸਿਖ ਪ੍ਰਵਾਰਾਂ ਦੇ ਮੂੰਹਾਂ ਵਲ ਤਕ ਕੇ। ਜੂਠ ਔਰ ਝੂਠ ਜਿਸ ਨੇ ਕੁੰਭੀ ਨਰਕ ਵਿਚ ਇਸ ਮਨੁਖ ਨੂੰ ਸੁਟਨਾਂ ਹੈ ਅਜ ਪ੍ਰਧਾਨ ਬਣਿਆ ਫਿਰਦਾ ਹੈ। ਦੇਖਣ ਪਾਖਣ ਨੂੰ ਚੰਗੇ ਬੀਬੇ ਰਾਣੇ ਦਾੜ੍ਹੀਆਂ ਵਾਲੇ ਸਿਖ ਜਾਪਦੇ ਹਨ ਪਰ ਮਨ ਅਤੀ ਦੁਖੀ ਹੁੰਦਾ ਹੈ ਜਦੋਂ ਉਹ ਭਉਂਦੂ ਜੇਬੋਂ ਸਿਗਰਟ ਕੱਢ ਮੂੰਹ ਵਿਚ ਅੜਾ ਨਰਕਾਂ ਦੀ ਗੱਡੀ ਸਟਾਰਟ ਕਰ ਦੇਂਦੇ ਹਨ। ਹੁਣ ਤਾਂ ਸਵਾਏ ਬੀਮਾਰੀ ਜਾਂ ਜੰਗ ਦੇ ਇਹਦਾ ਇਲਾਜ ਘੱਟ ਹੀ ਨਜ਼ਰ ਆਉਂਦਾ ਹੈ। ਸਾਰੀ ਫਜ਼ਾ ਹੀ ਗੰਦੀ ਹੋ ਰਹੀ ਹੈ ਪਉਣ ਦਾ ਵਾਜਾ ਵਜਾਵਨ ਵਾਲਿਆਂ ਤੋਂ ਇਸ ਦਾ ਗਹਰਾ ਅਸਰ ਹੈ ਤੇ ਵਾਹਿਗੁਰੂ ਛਡੇ ਕੋਈ ਗੈਬੀ ਗੋਲਾ ਇਨਾਂ ਕਿਰਮ ਜੰਤਾਂ ਤੇ।

ਕਲਗੀਧਰ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਅੰਪਣਾ ਸਰੂਪ ਚਿਹਨ ਚਕਰ ਤਨ ਮਨ ਧੰਨ ਖਾਲਸੇ ਨੂੰ ਅਰਪਨ ਕਰ ਦਿਤਾ ਸੀ। ਉਹ ਅੰਮ੍ਰਿਤ ਕਲਾ ਦਾ ਹੀ ਕਰਿਸ਼ਮਾ ਸੀ ਗੁਰੂ ਜੀ ਨੇ ਝੂਠਿਆਂ ਮਸੰਦਾਂ ਤੇ ਨਕਲੀ ਗੁਰੂਆਂ ਨੂੰ ਤੱਤੇ ਤੇਲ ਵਿਚ ਸਾੜਿਆ ਸੀ ਤੇ ਭੁਲੇ ਹੋਏ ਗੁਰ ਸਿਖ ਮਹਾਂ ਸਿੰਘ ਦੇ ਲਿਖੇ ਬੇਦਾਵੇ ਨੂੰ ਪਾੜਿਆ ਸੀ। ਆਪ ਨੇ ਟੁਟੀ ਸਿਖੀ ਨੂੰ ਗੰਢ ਕੇ ਖੰਡੇਧਾਰ ਅੰਮ੍ਰਿਤ ਨੇ ਵਡਿਆਇਆ ਸੀ ਆਪ ਜੀ ਨੂੰ ਸਿੰਘਾਂ ਦੀ ਰਹਿਤ ਬਹਿਤ ਦਾ ਬੜਾ ਚਾਉ ਤੇ ਖਿਆਲ ਰਹਿੰਦਾ ਸੀ ਤਾਂਹੀਉਂ ਤਾਂ ਪੰਜ ਕਕਾਰੀ ਸਿੰਘ ਭਾਈ ਜੋਗਾ ਸਿੰਘ ਦੀ ਲਾਜ ਰਖਣੀ ਪਈ ਪੰਥ ਸਾਜਨ ਹਾਰੇ ਨੂੰ। ਦਸਵੇਂ ਪਾਤਸ਼ਾਹ ਨੇ ਆਪਣੇ ਖਾਲਸੇ ਪੰਥ ਨੂੰ ਸਮੂਹ ਸ਼ਕਤੀਆਂ ਬਖਸ਼ੀਆਂ। ਪੰਥ ਵਿਚ ਬੰਦਾ ਸਿੰਘ ਜਹੇ ਸੂਰਮੇਂ ਪੈਦਾ ਹੋਏ ਜਿਨਾਂ ਤਰਕਾਂ ਪਾਸੋਂ ਗਿਣ ੨ ਕੇ ਬਦਲੇ ਲਏ। ਖਾਲਸਾ ਪੰਥ ਦੀ ਗੋਦ ਵਿਚ ਮਹਾਰਾਜਾ ਰਣਜੀਤ ਸਿੰਘ ਵਰਗੇ ਤੇ ਹਰੀ ਸਿੰਘ ਨਲੂਏ ਵਰਗੇ ਸ਼ੇਰ ਪੈਦਾ ਹੋਏ। ਉਹ ਵੀ ਖੰਡੇ ਧਾਰ ਦੀਆਂ ਬਰਕਤਾਂ ਹੀ ਸਨ ਬਾਬਾ ਦੀਪ ਸਿੰਘ ਵਰਗੇ ਬਿਨਾਂ ਸਿਰ ਤੋਂ ਖੰਡਾ ਵਾਹ ਕੇ ਦੱਸ ਗਏ। ਵਾਹਿਗੁਰੂ ਜੀ ਦੇ ਸਚੇ ਜਾਪ ਨੇ ਪੰਜ ਕਕਾਰੀ ਅੰਮ੍ਰਿਤ ਕਲਾ ਰਾਹੀਂ ਆਤਮਾਂ ਤੇ ਪ੍ਰਮਾਤਮਾਂ ਦੇ ਲੰਬੇ ਪਾੜੇ ਨੂੰ ਮੇਟ ਦਿਤਾ। ਵਾਹਿਗੁਰੂ ਅਕਾਲ ਪੁਰਖ ਜੀ ਜ਼ਰੂਰ ਕੋਈ ਭਾਣਾਂ ਵਰਤਾਕੇ ਸਚਿਆਂ ਗੁਰੂਆਂ ਦੀ ਬਾਣੀ ਉਤੇ ਖਾਲਸੇ ਦਾ ਪਹਰਾ ਲਾਵਨਗੇ ਉਹ ਦਿਨ ਦੂਰ ਨਹੀਂ ਜਦੋਂ ਮੁਹਰੇ ਨਜ਼ਰ ਹੀ ਖਾਲਸੇ ਤੇ ਪੈਣੀ ਹੈ। ਸ਼ਹੀਦਾਂ ਦੀਆਂ ਰੂਹਾਂ ਵਿਚ ਮਹਾਨ ਸ਼ਕਤੀ ਅੰਮ੍ਰਿਤ ਕਲਾ ਨੇ ਹੀ ਕੁਰਬਾਨੀਆਂ ਦੀ ਗੇੜ ਪਾਈ ਹੋਈ ਹੁੰਦੀ ਹੈ।


www.AKJ.Org

## ਪ੍ਰਸਿੱਧ ਗ਼ਦਰੀ ਨੇਤਾ

# ਸੰਤ ਭਾਈ ਰਣਧੀਰ ਸਿੰਘ ਜੀ

[ ਸ: ਪ੍ਰੀਤਮ ਸਿੰਘ ਐਮ.ਏ. ਕਾਲਾ ਸੰਘਿਆਂ ]

ਪੰਜਾਬ ਦੇ ਸੰਤ ਸਰੂਪ ਗ਼ਦਰੀ ਨੇਤਾ ਸੰਤ ਰਣਧੀਰ ਸਿੰਘ ਦਾ ਜਨਮ 14 ਜੂਨ 1878 ਈ: ਵਿਚ ਸ: ਨੱਥਾ ਸਿੰਘ ਦੇ ਘਰ ਪਿੰਡ ਨਾਰੰਗਵਾਲ ਜ਼ਿਲਾ ਲੁਧਿਆਣਾ ਵਿਚ ਹੋਇਆ। ਬ੍ਰਿਟਿਸ਼ ਜਜਾਂ ਅਨੁਸਾਰ 'ਰਣਧੀਰ ਸਿੰਘ ਬਾਹਰ ਤੋ ਬੇਸ਼ਕ ਨਹੀਂ ਆਇਆ ਪਰ ਵੋਹ ਇਸ ਕੇਸ ਕੇ ਸਭ ਸੇ ਖ਼ਤਰਨਾਕ ਮੁਲਜ਼ਮੋਂ ਮੇ ਸੇ ਏਕ ਹੈ।' ਬੀ. ਏ. ਤਕ ਵਿਦਿਆ ਪ੍ਰਾਪਤ ਕਰਕੇ ਸੰਤ ਰਣਧੀਰ ਸਿੰਘ ਨਾਇਬ ਤਹਿਸੀਲਦਾਰ ਲਗ ਗਏ ਪਰ ਇਹ ਉਚ ਪਦਵੀ ਆਪ ਨੂੰ ਰਾਸ ਨਾ ਆ ਸਕੀ ਕਿਉਂਕਿ ਇਸ ਮਹਿਕਮੇ ਵਿਚ ਉਪਰ ਤੋਂ ਲੈ ਕੇ ਥਲੇ ਤਕ ਸਭ ਅਫਸਰ ਡਾਲੀ ਲੈਂਦੇ ਸਨ ਤੇ ਸਾਰਾ ਆਵਾ ਹੀ ਊਤਿਆ ਹੋਇਆ ਸੀ।

ਕਾਮਾਗਾਟਾ ਮਾਰੂ, ਬਜਬਜ ਘਾਟ ਤੇ ਗੁਰਦੁਆਰਾ ਰਕਾਬਗੰਜ ਦੀ ਕੰਧ ਢਾਣ ਦੇ ਮਾਮਲੇ ਨੇ ਆਪ ਨੂੰ ਨਕੋ ਨਕ ਅੰਗਰੇਜ਼ ਵਿਰੋਧੀ ਭਾਵਨਾਂ ਨਾਲ ਭਰ ਦਿਤਾ ਆਪ ਨੇ ਆਪਣੇ ਸਾਥੀਆਂ ਸਮੇਤ ਲੋਹਟਬੱਧੀ, ਗੁਜਰਵਾਲ, ਚਮਕੌਰ ਸਾਹਿਬ ਆਦ ਥਾਵਾਂ ਤੇ ਦੀਵਾਨ ਲਾਏ ਤੇ ਲੋਕਾਂ ਨੂੰ ਗਦਰ ਪਾਰਟੀ ਦਾ ਉਪਦੇਸ਼ ਦਿਤਾ।

ਵਾਹਿਦਾ ਮੁਆਫ ਗੁਆਹ ਅਛਰ ਸਿੰਘ ਅਨੁਸਾਰ ਉਹ ਬੂਟਾ ਸਿੰਘ ਤੇ ਮੁਲਜ਼ਮ ਨਾਲ ਲਾਹੌਰ ਵਿਚ ਗੁਰਦੁਆਰਾ ਰਕਾਬਗੰਜ ਦੇ ਬਾਰੇ ਹੋਏ ਜਲਸੇ ਵਿਚ ਸ਼ਾਮਲ ਹੋਇਆ। ਇਥੇ ਮੁਲਜ਼ਮ ਨੇ ਚੀਫ਼ ਖਾਲਸਾ ਦੀਵਾਨ ਦੇ ਸ: ਸੁੰਦਰ ਸਿੰਘ ਨੂੰ ਕਿਹਾ ਕਿ ਉਹ ਲੋੜ ਪੈਣ ਤੇ ਗੁਰਦੁਆਰਾ ਰਕਾਬ ਗੰਜ ਦੀ ਪਵਿਤਰਤਾ ਕਾਇਮ ਰਖਣ ਲਈ ਜਾਨ ਵਾਰਨ ਤੋਂ ਵੀ ਸੰਕੋਚ ਨਹੀਂ ਕਰੇਗਾ।

ਗੁਆਹ ਇੰਦਰ ਸਿੰਘ ਅਨੁਸਾਰ ਢੰਡਾਰੀ ਵਿਚ ਅਖੰਡ ਪਾਠ ਦੇ ਭੋਗ ਤੋਂ ਬਾਦ ਹੋਏ ਜਲਸੇ ਵਿਚ ਮੁਲਜ਼ਮ ਨੇ ਦਸਿਆ ਕਿ ਇਕ ਦਿਨ ਪਹਿਲੇ ਉਥੇ ਇਕ ਦੇਸ਼ ਭਗਤ ਸ: ਕਰਤਾਰ ਸਿੰਘ ਸਰਾਭਾ ਆਇਆ ਸੀ ਉਸ ਨੇ ਦਸਿਆ 'ਸਭ ਰਜਮੈਂਟਾਂ ਬਗਾਵਤ ਕਰਨ ਲਈ ਤਿਆਰ ਬੈਠੀਆਂ ਹਨ, ਤੇ ਸਭ ਪੰਜਾਬੀ ਯੁਵਕਾਂ ਨੂੰ ਨੀਅਤ ਸਮੇਂ ਤੇ ਫ਼ੀਰੋਜ਼ਪੁਰ ਪੁਜਣਾ ਚਾਹੀਦਾ ਹੈ।'

ਇਨਸਪੈਕਟਰ ਅਹਿਮਦ ਖਾਂ ਇਕ ਰਾਸ ਬਿਹਾਰੀ ਬੋਸ ਦੀ ਲਿਖੀ ਸਲਿਪ ਦਾ ਜ਼ਿਕਰ ਕਰਦਾ ਹੈ ਜਿਸ ਵਿਚ ਰੰਧੀਰ, ਜਾਗਰ, ਉਤਮ ਤੇ ਨਿਧਾਨ ਆਦਿ ਗ਼ਦਰੀਆਂ ਦੇ ਨਾਂ ਲਿਖੇ ਹੋਏ ਸਨ।

ਵਾਹਿਦਾ ਮੁਆਫ਼ ਗੁਆਹ ਊਧਮ ਸਿੰਘ ਹਾਂਸ ਅਨੁਸਾਰ ਢੰਡਾਰੀ ਵਿਚ ਕਰਤਾਰ ਸਿੰਘ ਸਰਾਭਾ ਨੇ ਕੁਝ ਗਦਰੀ ਪ੍ਰਚੇ ਮੁਲਜ਼ਮ ਤੇ ਉਸਦੇ ਸਾਥੀਆਂ ਵਿਚ ਵੰਡੇ।

ਗ਼ਦਰ ਫੇਲ੍ਹ ਹੋਣ ਤੇ ਆਪਨੂੰ ਗ੍ਰਿਫਤਾਰ ਕਰਕੇ ਲਾਹੌਰ ਸਾਜ਼ਸ਼ ਕੇਸ ਦੂਸਰੇ ਵਿਚ ਹਰਨਾਮ


www.AKJ.org

ਸਿੰਘ ਕਾਲਾ ਸੰਘੀਆਂ ਤੇ ਦੂਸਰੇ ਗਦਰੀਆਂ ਸਮੇਤ ਉਮਰ ਕਦ ਕਾਲਾ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਹੋਈ (ਆਪ ਆਪਣੇ ਇਲਾਕੇ ਵਿਚ ਇਤਨੇ ਹਰਮਨ ਪਿਆਰੇ ਸਨ ਕਿ ਜਦ ਸਰਕਾਰੀ ਅਫਸਰ ਆਪਦੀ ਜਾਇਦਾਦ ਨੀਲਮ ਕਰਨ ਲਈ ਆਏ ਤਾਂ ਇਕ ਆਦਮੀ ਭੀ ਬੋਲੀ ਦੇਣ ਲਈ ਤਿਆਰ ਨਾ ਹੋਇਆ। ਆਖਿਰ ਇਕ ਝੋਲੀ ਚੁਕ ਧੱਕ ਕਰਕੇ ਤਿਆਰ ਕੀਤਾ ਗਿਆ ਤਾਂ ਪਿੰਡ ਵਾਲਿਆਂ ਨੇ ਕਿਹਾ—'ਕਿਥੇ ਜਾਇੰਗਾ ਬੱਚ ਕੇ ਟੱਟੀ ਪਾਣੀ ਬੰਦ ਕਰ ਦਿਆਂਗੇ, ਆਖਰ ਉਹ ਭੀ ਥਰਕ ਗਿਆ।'

30 ਮਾਰਚ 1916 ਵਿਚ ਲਾਹੌਰ ਸੈਂਟਰਲ ਜੇਲ੍ਹ ਵਿਚ ਕਕਾਰ ਜ਼ਬਰਦਸਤੀ ਉਤਾਰਨ ਵਿਰੁਧ ਮੋਰਚਾ ਲਾ ਦਿਤਾ। ਅਪਰੈਲ 1916 'ਚ ਮੁਲਤਾਨ ਜੇਲ੍ਹ ਵਿਚ ਸਦਾ ਨੰਦ ਨਾਂ ਦੇ ਦਰੋਗੇ ਨ ਕਿਹਾ, 'ਟੋਪੀ ਪਾ ਲੌ' ਤਾਂ ਆਪ ਨੇ ਅੱਖਾਂ ਲਾਲ ਕਰਕੇ ਕਿਹਾ—'ਤਮੀਜ਼ ਨਾਲ ਗਲ ਕਰ ਉਏ' ਤਾਂ ਦਰੋਗਾ ਥਰਕ ਗਿਆ। ਇਥੇ ਆਪਨੂੰ 20-20 ਮਣ ਦਾਣੇ ਦੇ ਚੱਕੀ ਪੀਸਣ ਲਈ ਮਜਬੂਰ ਕੀਤਾ ਗਿਆ। ਜੇਹਲੀ ਯਮਦੂਤਾਂ ਦੀ ਹੈਂਕੜਸ਼ਾਹੀ ਵਿਰੁਧ 40 ਦਿਨ ਲਮਾਂ ਵਰਤ ਰਖਿਆ ਤੇ ਪਾਣੀ ਖੁਰਾਕ ਬਿਲਕੁਲ ਨਾ ਲਈ। ਆਪਦਾ ਵਜ਼ਨ 134 ਪੌਂਡ ਤੋਂ ਘੱਟ ਕੇ 104 ਪੌਂਡ ਰਹਿ ਗਿਆ। ਹਜ਼ਾਰੀ ਬਾਗ ਜੇਲ੍ਹ ਵਿਚ ਆਪਨੂੰ ਡੰਡਾ ਬੇੜੀ, ਪੁਠੀ ਹੱਥ-ਕੜੀ, ਟਾਟ ਵਰਦੀ ਤੇ ਹੋਰ ਤਰ੍ਹਾਂ ਦੇ ਤਸੀਹੇ ਜੇਹਲੀ ਯਮਦੂਤਾਂ ਨੇ ਦਿਤੇ ਪਰ ਆਪਦੇ ਮੱਥੇ ਤੇ ਸ਼ਿਕਨ ਤੱਕ ਨਾ ਆਈ।

ਹਜ਼ਾਰੀ ਬਾਗ ਜੇਲ੍ਹ ਤੋਂ ਆਪਨੂੰ ਤੇ ਹਰਨਾਮ ਸਿੰਘ ਕਾਲਾ ਸੰਘੀਆਂ ਆਦਿ 5 ਗ਼ਦਰੀਆਂ ਨੂੰ ਰਾਜ ਮੰਦਰੀ ਜੇਲ੍ਹ ਲਿਜਾਇਆ ਗਿਆ। ਕੂਜ਼ਾ, ਟੋਪੀ, ਪਿਆਲਾ ਆਦਿ ਸਿਖ ਵਿਰੋਧੀ ਚੀਜ਼ਾਂ ਦਿਤੇ ਜਾਣ ਤੇ ਬੀਰ ਰਸ ਜਾਗ ਪਿਆ ਤੇ ਅੱਖਾਂ ਹੀ ਅੱਖਾਂ ਵਿਚ ਗੁਰਮਤਾ ਪਾਸ ਕਰ ਪੰਜੇ ਗਦਰੀਆਂ ਨੇ ਇਕ ਹੱਥ ਵਿਚ ਕੂਜ਼ਾ ਤੇ ਦੂਜੇ ਵਿਚ ਪਿਆਲਾ ਫੜ ਬੰਬ ਵਾਂਗ ਧਰਤੀ ਤੇ ਪਟਕਾ ਮਾਰੇ। ਜੇਲ੍ਹ ਅਧਿਕਾਰੀ ਠਠੰਬਰ ਕੇ ਹਾਰ ਮੰਨ ਗਏ।

ਨਾਗਪੁਰ ਜੇਲ ਵਿਚ ਤਿਮਰਲੰਗ ਸੁਪਰਡੈਂਟ ਨੇ ਆਪਦਾ ਭੁਖ ਹੜਤਾਲੀ ਮੋਰਚਾ ਤੋੜਨ ਲਈ ਹਥੌੜੇ ਨਾਲ ਆਪਦੇ ਦੰਦਾਂ ਤੇ ਸੱਟਾਂ ਲੁਆਈਆਂ ਤੇ ਗਊ ਦਾ ਸ਼ੋਰਬਾ ਆਪਦੇ ਮੂੰਹ ਵਿਚ ਜ਼ਬਰਜ਼ੋਰੀ ਤੁਨਣਾ ਚਾਹਿਆ ਪਰ ਸੁਆਸ ਉਤਾਂਹ ਚੜ੍ਹਾ ਲੈਣ ਕਾਰਨ ਸ਼ੋਰਬਾ ਅੰਦਰ ਨਾ ਜਾ ਸਕਿਆ ਤੇ ਈਸ਼ਵਰ ਨੇ ਆਪਦੀ ਲਾਜ ਰੱਖ ਲਈ।

ਇਕ ਵੇਰ ਵਿੰਗ ਨਾਂ ਦੇ ਦਰੋਗੇ ਨੇ ਆਪਨੂੰ ਅਪਮਾਨਤ ਕਰਨ ਲਈ ਜ਼ਬਰਦਸਤੀ ਕਪੜੇ ਉਤਾਰਨੇ ਚਾਹੇ। ਭਾਈ ਸਾਹਿਬ ਨੇ ਗੋਰੇ ਨੂੰ ਫੜਕੇ ਥੱਲੇ ਡੇਗ ਲਿਆ ਤੇ ਖੂਬ ਰਗੜਾ ਚਾੜ੍ਹਿਆ ਅੰਤ ਗੁਰੂ ਤੇ ਗਾਡ ਦੇ ਵਾਸਤੇ ਪਾ ਕੇ ਛੁਟਾ। ਲਾਹੌਰ ਜੇਲ੍ਹ ਵਿਚ ਆਪਨੇ ਭਗਤ ਸਿੰਘ ਨਾਲ ਮੁਲਾਕਾਤ ਕਰ ਉਸਦਾ ਵਾਸਤਾ ਸਿਖੀ ਵਿਚ ਪਰਪੱਕ ਕੀਤਾ। 4 ਅਕਤੂਬਰ 1930 ਵਿਚ ਆਪ ਰਿਹਾ ਹੋ ਗਏ ਤੇ ਸਾਰੇ ਪੰਜਾਬ ਵਿਚ ਅਖੰਡ ਕੀਰਤਨ ਦਾ ਪਰਵਾਹ ਚਲਾਇਆ।

—o—

# ਵੈਸਾਖੀ ਸਮਾਗਮ ਲੁਧਿਆਣਾ

ਸੂਬਤ ਸੰਗਤਾਂ ਪ੍ਰਤੀ ਵਿੱਦਤ ਹੋਵੇ ਕਿ ਵੈਸਾਖੀ ਗੁਰਪੁਰਬ ਅਤੇ ਸਚਖੰਡਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦ ਦਾ ਸਾਂਝਾ ਸਮਾਗਮ ਹਮੇਸ਼ਾ ਵਾਂਗ ਇਸ ਵਾਰੀ ਭੀ 11-12 ਅਤੇ 13 ਅਪਰੈਲ ਨੂੰ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਦੇ ਗੁਰਦੁਆਰੇ ਵਿਚ ਮਨਾਇਆ ਜਾ ਰਿਹਾ ਹੈ ਛਪੀਆਂ ਚਿਠੀਆਂ ਸ਼ੀਘਰ ਹੀ ਘਲੀਆਂ ਜਾਣਗੀਆਂ।

ਸੂਬਤ ਮਾਈ ਭਾਈ ਸਮਾਗਮ ਤੇ ਪੁਜ ਕੇ ਲਾਹੇ ਪ੍ਰਾਪਤ ਕਰੋ ਤੇ ਸੇਵਕਾਂ ਨੂੰ ਧੰਨਵਾਦੀ ਬਣਾਓ।

ਅੰਮ੍ਰਿਤ ਸਮਾਗਮ ਹੋਵੇਗਾ ਅਭਲਾਸ਼ੀ ਜਨ ਪੁਜਣ ਦੀ ਕਿਰਪਾਲਤਾ ਕਰਨ।

ਪੁਛ ਗਿਛ ਲਈ:—ਬਲਬੀਰ ਸਿੰਘ ਸਜਨ ਸਿੰਘ
126, ਮਾਡਲ ਟਾਊਨ ਲੁਧਿਆਣਾ।

ਪ੍ਰਾਰਥਕ—ਅਖੰਡ ਕੀਰਤਨੀ ਜੱਥਾ, ਲੁਧਿਆਣਾ

www.AKJ.Org

ਸਿੱਖ ਇਤਿਹਾਸ-ਵਿਚਾਰ ਲੜੀ ਨੰਬਰ ੧੨

# ਕੀ ਸ੍ਰੀ ਦਸਮੇਸ਼ ਜੀ ਨੇ ਪੰਜ ਬਕਰੇ ਝਟਕਾਏ ?

(ਇਕ ਇਤਿਹਾਸਕ ਖੋਜੀ ਦੀ ਕਲਮ ਤੋਂ)

ਗੁਰਬਾਣੀ ਵਿਚ ਇਸ ਪ੍ਰਕਾਰ ਦੀਆਂ—

"ਖੰਨਿਓ ਤਿੱਖੀ ਵਾਲਹੁ ਨਿਕੀ, ਏਤਿ ਮਾਰਗਿ ਜਾਣਾ ॥"

ਅਨੇਕਾਂ ਤੁਕਾਂ ਆਉਂਦੀਆਂ ਹਨ, ਅਤੇ ਜੇ ਮੁਕਤੀ ਦਾ ਰਾਹ, ਖਾਲਸਾ ਬਣਨ ਦਾ ਰਾਹ ਸੱਚ ਮੁੱਚ ਏਨਾਂ ਹੀ ਨਿੱਕਾ ਹੈ, ਏਨਾਂ ਹੀ ਬਰੀਕ ਹੈ ਤਾਂ ਕੀ ਗੁਰੂ ਗੋਬਿੰਦ ਸਿੰਘ ਜੀ ਨੇ ਠੀਕ ਨਹੀਂ ਕੀਤਾ ਕਿ ਖਾਲਸਾ ਪੰਥ ਨੂੰ ਸਾਜਣ ਵੇਲੇ, ਸੰਸਾਰ ਨੂੰ ਮੁਕਤ ਮਾਰਗ ਦਸਣ ਵੇਲੇ, ਪਹਿਲਾਂ ਹੀ ਖੰਡੇ ਦੀ ਧਾਰ ਵਿਚੋਂ ਲੰਘਾ ਕੇ ਸੱਚਾ ਸੁੱਚਾ ਕਰ ਲਿਆ। ਗੁਰਬਾਣੀ ਦੀ ਰੌਸ਼ਨੀ ਵਿਚ ਡੂੰਘੀ ਦ੍ਰਿਸ਼ਟੀ ਨਾਲ ਵੇਖਿਆਂ ਸਾਨੂੰ ਇਹ ਅਨੁਭਵ ਹੋ ਜਾਵੇਗਾ ਕਿ ਦਸਮ ਪਾਤਸ਼ਾਹ ਨੇ ਬਿਲਕੁਲ ਠੀਕ ਕੀਤਾ। ਖਾਲਸਾ ਪੰਥ ਨੂੰ ਸਾਜਣ ਵੇਲੇ, ਜਾਂ ਕਹਿ ਲਉ ਕਿ ਪਾਪਾਂ ਵਿਕਾਰਾਂ ਨਾਲ ਭਰੇ ਹੋਏ ਜੀਵਾਂ ਨੂੰ, ਸੰਸਾਰੀਆਂ ਨੂੰ ਆਪਣੇ ਪਵਿੱਤਰ ਖੰਡੇ ਦੀ ਧਾਰ ਵਿਚੋਂ ਲੰਘਾ ਕੇ ਇਉਂ ਹੀ ਸੁਚਾ ਕਰ ਲਿਆ ਜਿਵੇਂ ਸੋਨੇ ਦੇ ਖਾਲਸਪੁਣੇ ਨੂੰ ਅੱਗ ਦੀ ਕੁਠਾਲੀ ਵਿਚ ਪਾ ਕੇ ਪਰਖ ਲਈਦਾ ਹੈ। ਜੇ ਇਉਂ ਨਾ ਪਰਖਿਆ ਜਾਂਦਾ ਤਾਂ ਹੋ ਸਕਦਾ ਸੀ ਕਿ ਇਸ ਤੀਸਰ ਖਾਲਸਾ ਪੰਥ ਵਿਚ ਹੋਰ ਧਰਮਾਂ ਦੀ ਤਰ੍ਹਾਂ ਕਪਟ ਤੇ ਖੋਟ ਰਹਿ ਜਾਂਦਾ ਜੋ ਇਸ ਦੇ ਭਵਿਖਤ ਲਈ ਚੰਗਾ ਨਾ ਹੁੰਦਾ ਅਤੇ ਸੰਸਾਰ ਦੇ ਕਲਿਆਣ ਲਈ ਗਾਡੀ ਰਾਹ ਸਾਬਤ ਨਾ ਹੁੰਦਾ।

ਇਹ ਗਲ ਆਮ ਦੇਖਣ ਵਿਚ ਆਈ ਹੈ ਕਿ ਸੰਸਾਰ ਵਿਚ ਜਿਹੜੀ ਚੀਜ਼ ਆਸਾਨੀ ਨਾਲ ਮਿਲ ਜਾਵੇ, ਉਸ ਦੀ ਕਦਰ ਘੱਟ ਹੀ ਹੁੰਦੀ ਹੈ। ਜਿਸ ਵਸਤੂ ਦੀ ਪ੍ਰਾਪਤੀ ਲਈ ਬਹੁਤੀ ਮਿਹਨਤ ਨਾ ਕਰਨੀ ਪਵੇ, ਉਸ ਨੂੰ ਵਰਤਣ ਚਿਚ ਜਾਂ ਖਰਚਣ ਵਿਚ ਅਸੀਂ ਲਾਪ੍ਰਵਾਹੀ ਹੀ ਵਰਤਦੇ ਹਾਂ ਤੇ ਕਈ ਵਾਰੀ ਐਵੇਂ ਹੀ ਗਵਾ ਦਿੰਦੇ ਹਾਂ, ਪਰ ਜਿਸ ਵਸਤੂ ਦੀ ਪ੍ਰਾਪਤੀ ਲਈ ਸਾਨੂੰ ਕਾਫੀ ਜਦੋ-ਜਹਿਦ ਕਰਨੀ ਪਵੇ, ਉਸ ਦੀ ਕਦਰ ਸਾਡੇ ਦਿਲ ਵਿਚ ਬਹੁਤੀ ਹੁੰਦੀ ਹੈ। ਜੋ ਵਸਤੂ ਅਸੀਂ ਲਹੂ ਪਸੀਨੇ ਨੂੰ ਇਕ ਕਰਕੇ ਪ੍ਰਾਪਤ ਕਰਦੇ ਹਾਂ, ਉਸ ਨੂੰ ਬੜੀ ਸੋਚ ਸਮਝ ਕੇ ਵਰਤਦੇ ਹਾਂ ਕਿ ਇਹ ਵਸਤੂ ਕਾਫ਼ੀ ਸਮਾਂ ਜਾਂ ਸਾਰੀ ਉਮਰ ਸਾਂਭੀ ਰਹੇ। ਇਹੋ ਜਿਹੀ ਅਮੋਲਕ ਵਸਤੂ ਹੀ ਗੁਰਸਿੱਖੀ ਹੈ ਜਿਸ ਨੂੰ ਸਹੀ ਅਰਥਾਂ ਵਿਚ ਪ੍ਰਾਪਤ ਕਰਨਾ ਤੇ ਨਿਭਾਉਣਾ ਕਾਫ਼ੀ ਕਠਨ ਹੈ।

ਗੁਰਸਿਖੀ ਕੀ ਹੈ—ਨਿਰੋਲ ਖਾਲਸ ਹੋਣਾ। ਬਾਹਰੋਂ ਗੁਰਸਿੱਖ ਹੋਣਾ ਜਾਂ ਆਪਣੇ ਆਪ ਨੂੰ ਖਾਲਸਾ ਜ਼ਾਹਰ ਕਰਨਾ ਹੋਰ ਗਲ ਹੈ, ਪਰ ਅੰਦਰੋਂ ਬਾਹਰੋਂ ਸੱਚ ਮੁੱਚ ਗੁਰਸਿਖ ਹੋਣਾ, ਖਾਲਸ ਹੋਣਾ ਹੋਰ ਗਲ ਹੈ।

ਗੁਰੂ ਸਾਹਿਬਾਨ ਨੇ ਮਨੁੱਖ ਨੂੰ ਖਾਲਸ ਬਨਾਉਣ ਲਈ ਲਗਾਤਾਰ ਢਾਈ ਸੌ ਸਾਲ ਇਸ ਧਰਤੀ ਉਤੇ ਪ੍ਰਚਾਰ ਕੀਤਾ। ਗੁਰੂ ਨਾਨਕ ਸਾਹਿਬ ਸਤੱਰ ਕੁ ਸਾਲ ਮਨੁਖ ਨੂੰ ਖਾਲਸਾ ਬਣਨ ਦਾ ਢੰਗ ਦਸਦੇ ਰਹੇ। ਪਰ ਏਨੀ ਘਾਲਣਾ ਪਿਛੋਂ ਉਨ੍ਹਾਂ ਦਾ ਅੰਗ ਹੀ ਬਣ ਗਿਆ। ਜਾਂ ਇਉਂ ਕਹਿ


www.AKJ.org

ਲਉ ਕਿ ਗੁਰੂ ਨਾਨਕ ਸਾਹਿਬ ਨੇ ਆਪਣੇ ਨਾਮ ਰਤੇ ਜੀਵਨ ਰਾਹੀਂ ਪ੍ਰਚਾਰ ਕਰ ਕਰ ਕੇ ਆਪਣਾ ਅੰਗ ਗੁਰੂ ਅੰਗਦ ਬਣਾਇਆ। ਇਉਂ ਆਪਣੇ ਅੰਗ ਦਸਾਂ ਜਾਮਿਆਂ ਵਿਚ ਢਾਈ ਸੌ ਸਾਲ ਪ੍ਰਚਾਰ ਕਰਵਾਇਆ ਇਉਂ ਲੰਬੀ ਘਾਲ ਘਾਲਕੇ, ਸੱਚ ਦਾ ਪ੍ਰਚਾਰ ਕਰਕੇ, ਪਾਪੀਆਂ ਚੋਰਾਂ, ਨਿੰਦਕਾਂ ਕੂੜਿਆਰਾਂ ਅਤੇ ਜ਼ਾਲਮਾਂ ਨਾਲ ਵਖਰੇ ਵਖਰੇ ਢਗਾਂ ਨਾਲ ਨਜਿੱਠ ਕੇ, ਮਨੁਖਤਾ ਨੂੰ ਖਾਲਸਪੁਣੇ ਦੀ ਸੋਝੀ ਕਰਵਾਈ। ਗੁਰੂ ਨਾਨਕ ਸਾਹਿਬ ਦੀ ਇਹ ਕਿੰਨੀ ਕਠਨ ਤਪੱਸਿਆ ਸੀ। ਗੁਰੂ ਨਾਨਕ ਸਾਹਿਬ ਦੇ ਦਸਵੇਂ ਜਾਮੇਂ ਵਿਚ ਗੁਰੂ ਗੋਬਿੰਦ ਸਿੰਘ ਜੀ ਆਪਣ ਪਿਛਲੇ ਜਨਮ ਦੀ ਕਥਾ ਲਿਖਦਿਆਂ ਦਸਦੇ ਹਨ। ਕਿ ਇਸ ਸੰਸਾਰ ਵਿਚ ਆਉਣ ਨੂੰ ਸਾਡਾ ਚਿਤ ਨਹੀਂ ਸੀ ਕਰਦਾ, ਪਰ ਅਕਾਲ ਪੁਰਖ ਨੇ ਹੁਕਮ ਦੇ ਕੇ ਆਪਣਾ ਸਪੁਤਰ ਬਣਾ ਕੇ ਸਾਨੂੰ ਸੰਸਾਰ ਉੱਤੇ ਭੇਜਿਆ ਅਤੇ ਕਿਹਾ ਕਿ ਜਾਉ ਗੁਰੂ ਨਾਨਕ ਦੇ ਅਰੰਭੇ ਹੋਏ ਕੰਮ ਨੂੰ ਖਾਲਸ ਮਨੁਖ ਦਾ ਅੰਤਮ ਰੂਪ ਦੇਕੇ ਪੂਰਨ ਕਰੋ, ਤੇ ਫਿਰ ਜਿਸ ਗੁਰੂ ਨਾਨਕ ਨੇ ਨੌ ਜਾਮਿਆਂ ਵਿਚ ਇਤਨੀਆਂ ਘਲਾਂ ਘਾਲ ਕੇ, ਜੇਲ੍ਹਾਂ ਕੱਟ ਕੇ, ਸ਼ਹੀਦੀਆਂ ਦੇ ਕੇ ਖਾਲਸ ਮਨੁਖ ਬਣਨ ਦਾ ਹੋਕਾ ਦਿਤਾ ਹੋਵੇ; ਕੀ ਉਸ ਖਾਲਸ ਮਨੁਖ ਨੂੰ ਅੰਤਮ ਰੂਪ ਦੇਣ ਵੇਲੇ ਦਸਵਾਂ ਗੁਰੂ ਨਾਨਕ ਉਂਜ ਹੀ ਗਲੀ ਬਾਤੀਂ ਪੰਜ ਪਿਆਰੇ ਚੁਣ ਲੈਂਦਾ? ਕੀ ਖਾਲਸਾ ਮਨੁਖਤਾ ਦੀ ਨੀਂਹ ਰਖਣ ਲਈ. ਮੂਹੋਂ ਪੰਜ ਸੀਸ ਮੰਗ ਕੇ ਅੰਦਰ ਤੰਬੂ ਵਿਚ ਬਕਰੇ ਝਟਕਾ, ਨਿਖਾਲਸ ਮਨੁਖਾਂ ਨੂੰ ਹੀ ਖਾਲਸ ਜਨ ਦਾ ਰੁਤਬਾ ਦੇ ਦਿੰਦਾ। ਨਹੀਂ ਇਹ ਹੋਣਾ ਅਸੰਭਵ ਸੀ। ਮਨੁਖਤਾ ਨੂੰ ਖਾਲਸ ਰੂਪ ਦੇਣ ਲਈ ਢਾਈ ਜਾਣਾ ਤੇ ਪਿਛੋਂ ਉਂਜ ਹੀ ਤਲਵਾਰ ਦਿਖਾਕੇ ਜਾਂ ਬਕਰੇ ਵੱਢਕੇ ਖਾਲਸਾ ਜਨ ਥਾਪ ਦੇਣਾ ਸਰਾਸਰ ਥੋਥਾ ਕਾਰਜ ਹੈ। ਨੌ ਜਾਮਿਆਂ ਵਿਚ ਜੇਲ੍ਹਾਂ ਕੱਟ ਕੇ, ਪੱਥਰ ਰੋਕ ਕੇ, ਅਕਹਿ ਤੇ ਅਸਹਿ ਸਰੀਰਕ ਕਸ਼ਟ ਝਲਕੇ ਜਾਂ ਆਪਣਾ ਸੀਸ ਦੇਕੇ ਸਖਤ ਘਾਲਣਾ ਘਾਲਣ ਵਾਲਾ ਗੁਰੂ ਨਾਨਕ ਦਸਵੇਂ ਜਾਮੇਂ ਵਿਚ ਕੋਈ ਰਿਆਇਤ ਨਹੀਂ ਕਰ ਸਕਦਾ ਜਦੋਂ ਕਿ ਉਸ ਨੇ ਆਪਣੀ ਘਾਲਣਾ ਦਾ ਅੰਤਮ ਸਿੱਟਾ ਵੇਖਣਾ ਸੀ ਤੇ ਮਨੁਖ ਨੂੰ ਅੰਤਮ ਖਾਲਸਾ ਰੂਪ ਦੇਣਾ ਸੀ। ਇਸ ਵਿਚਾਰ ਦੇ ਅਧੀਨ ਇਹ ਮੰਨਣਾ ਹੀ ਪਵੇਗਾ ਕਿ ਆਪਣੇ ਅੰਤਲੇ ਪੜਾ ਉਤੇ ਮਨੁਖਤਾ ਨੂੰ ਖਾਲਸ ਰੂਪ ਦੇਣ ਵੇਲੇ ਗੁਰੂ ਨਾਨਕ ਦੇ ਦਸਵੇਂ ਜਾਮੇ ਨੇ ਆਪਣੇ ਖੰਡੇ ਦੀ ਧਾਰ ਉੱਤੇ ਮਨੁਖ ਨੂੰ ਆਪਣੇ ਸਿਖਾਏ ਹੋਏ ਸਿੱਖ ਨੂੰ ਉਂਜ ਹੀ ਪਰਖਿਆ ਜਿਵੇਂ ਉਸ ਨੇ ਆਪ ਪਹਿਲਾਂ ਢਾਈ ਸੌ ਸਾਲ ਖੰਡੇ ਦੀ ਧਾਰ ਉੱਤੇ ਤੁਰਨਾਂ ਪਰਵਾਨ ਕੀਤਾ ਇਉਂ ਪਰਖਿਆ, ਜਿਥੇ ਗੁਰੂ ਨਾਨਕ ਦੀ ਪਹਿਲੀ ਘਾਲਣਾ ਨਾਲ ਪੂਰਾ ਇਨਸਾਫ ਹੋ ਸਕਦਾ ਸੀ, ਉਥੇ ਨਾਲ ਹੀ ਮਨੁਖਤਾਂ ਨਾਲ ਵੀ ਪੂਰਾ ਇਨਸਾਫ ਖੰਡੇ ਦੀ ਧਾਰ ਉਤੇ ਪਰਖਿਆ ਹੀ ਹੋ ਸਕਦਾ ਸੀ—ਤੇ ਫਿਰ ਪਰਉਪਕਾਰੀ ਗੁਰੂ ਨੇ ਕੀਤਾ ਵੀ ਇਵੇਂ ਹੀ ਕਿ ਖੰਡੇ ਦੀ ਧਾਰ ਉੱਤੇ ਪਰਖ ਕੇ ਪੰਜਾਂ ਨੂੰ ਜਨ ਬਣਾਇਆ ਤੇ ਇਉਂ ਪੰਜ ਖਾਲਸ ਜਨਾਂ ਰਾਹੀਂ, ਪੰਜ ਪਿਆਰਿਆਂ ਰਾਹੀਂ ਖਾਲਸਾ ਪੰਥ ਦੀ ਨੀਂਹ ਰਖਕੇ ਸਾਰੀ ਮਨੁਖਤਾ ਨੂੰ ਸਦਾ ਲਈ ਖਾਲਸਾ ਬਣਨ ਦੀ ਵਿਧੀ ਦਸੀ। ਇਹੋ ਜਿਹੇ ਖਾਲਸ ਤੇ ਮਹਾਨ ਸੁਕਰਮ ਵੇਲੇ ਪੰਜ ਬਕਰਿਆਂ ਨੂੰ ਲਿਆ ਖੱੜਾ ਕਰਨਾ ਗੁਰੂ ਨਾਨਕ ਦੀ ਢਾਈ ਸੌ ਸਾਲ ਦੀ ਘਾਲਣਾ ਉਤੇ ਪਾਣੀ ਫੇਰਨਾ ਹੈ। ਓਪਰੀ ਦ੍ਰਿਸ਼ਟੀ ਨਾਲ ਜੇ ਅਸੀਂ ਇਹ ਮਨ ਵੀ ਲਈਏ ਕਿ ਦਸਮ ਪਾਤਸ਼ਾਹ ਨੇ ਪੰਜ ਸੀਸ ਮੰਗ ਕੇ ਪੰਜ ਬਕਰੇ ਝਟਕਾਏ ਤਾਂ ਮੰਨਣਾ ਪਵੇਗਾ ਕਿ ਜਾਂ ਤਾਂ ਗੁਰੂ ਦਾ ਬਾਹਰ ਸੀਸ ਮੰਗਣਾ ਗਲਤੀ ਸੀ, ਕਿਉਂਕਿ ਅੰਦਰ ਜਾਕੇ ਝਟਕਾਉਣੇ ਤਾਂ ਬਕਰੇ ਸਨ। ਤਾਂ ਇਉਂ ਕਹੋ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਵਿਚੋਂ ਸੀਸ ਮੰਗ ਕੇ ਗਲਤੀ ਕੀਤੀ। ਉਨ੍ਹਾਂ ਨੂੰ ਕਹਿਣਾ ਚਾਹੀਦਾ ਸੀ ਕਿ ਪੰਜ ਅਜਿਹੇ ਸਿੱਖਾਂ ਦੀ ਲੋੜ ਹੈ ਜੋ ਹਰ ਦੁਖ 'ਚ ਮੇਰਾ ਸਾਥ ਦੇ ਸਕਣ। ਉਨ੍ਹਾਂ ਨੂੰ ਅੰਮ੍ਰਿਤ ਛਕਾ ਕੇ ਮੈਂ ਖਾਲਸਾ ਪੰਥ ਦੀ ਨੀਂਹ ਰਖਣੀ ਹੈ। ਪਰ ਗੁਰੂ ਜੀ ਨੇ ਇਉਂ


www.AKJ.Org

ਨਹੀਂ ਕਿਹਾ, ਸਗੋਂ ਗਲਤੀ ਨਾਲ ਇਉਂ ਕਹਿ ਦਿਤਾ ਕਿ ਮੈਨੂੰ ਖਾਲਸਾ ਪੰਥ ਦੇ ਸਾਜਣ ਲਈ, ਖਾਲਸਾ ਧਰਮ ਦੇ ਪ੍ਰਚਾਰ ਲਈ, ਜਬਰ ਜ਼ੁਲਮ ਦਾ ਨਾਸ ਕਰਨ ਲਈ ਪੰਜ ਸਿੱਖਾਂ ਦੇ ਸੀਸ ਦੀ ਲੋੜ ਹੈ, ਪਰ ਗੁਰਬਾਣੀ ਦਾ ਮਹਾਂਵਾਕ ਹੈ—

"ਭੁਲਣ ਅੰਦਰਿ ਸਭੁ ਕੋ, ਅਭੁਲ ਗੁਰੂ ਕਰਤਾਰੁ ॥"

ਭਾਵ ਸਾਰੀ ਦੁਨੀਆਂ ਭੁਲਣਹਾਰ ਹੈ, ਪਰ ਅਕਾਲ ਪੁਰਖ ਅਤੇ ਗੁਰੂ ਕਦੀ ਭੁਲ ਨਹੀਂ ਸਕਦਾ। ਇਕ ਹੋਰ ਗੁਰਬਾਣੀ ਦੀ ਤੁਕ ਇਉਂ ਹੈ—

"ਆਪਿ ਅਭੁਲ ਨ ਕਬਹੂ ਭੁਲਾ ॥"

ਇਹਨਾਂ ਗੁਰਵਾਕਾਂ ਦੇ ਅਰਥਾਂ ਨੂੰ ਮੁਖ ਰਖ ਕੇ ਇਹ ਮੰਨਣਾ ਪਵੇਗਾ ਕਿ ਗੁਰੂ ਵੀ ਉਵੇਂ ਹੀ ਅਭੁਲ ਹੈ ਜਿਵੇਂ ਅਕਾਲ ਪੁਰਖ ਵਾਹਿਗੁਰੂ ਕਦੀ ਭੁਲ ਨਹੀਂ ਸਕਦਾ। ਨਾਲੇ ਇਹ ਗਲ ਤਾਂ ਅਸੀਂ ਮੰਨਦੇ ਹੀ ਹਾਂ ਕਿ ਸਾਰੇ ਗੁਰੂ ਸਾਹਿਬਾਨ ਨੇ ਉਹੋ ਕੁਝ ਕੀਤਾ ਜੋ ਉਹਨਾਂ ਨੂੰ ਅਕਾਲ ਪੁਰਖ ਵਲੋਂ ਹੁਕਮ ਮਿਲਿਆ। ਗੁਰੂ ਅਤੇ ਅਕਾਲ ਪੁਰਖ ਦੇ ਹੁਕਮਾਂ ਵਿਚ ਫ਼ਰਕ ਤਾਂ ਕੋਈ ਹੈ ਹੀ ਨਹੀਂ, ਕਿਉਂਕਿ ਇਹ ਸਾਰੇ ਹੁਕਮ ਹਰੀ ਕਰਤਾ ਗੁਰੂ ਦੇ ਮੁਖੋਂ ਕਢਵਾ ਰਿਹਾ ਹੈ। ਪੂਰੇ ਗੁਰੂ ਅਤੇ ਗੁਰੂ ਦੇ ਪੂਰੇ ਹੁਕਮਾਂ ਬਾਰੇ ਭਾਈ ਗੁਰਦਾਸ ਜੀ ਇਉਂ ਸ਼ਾਹਦੀ ਭਰਦੇ ਹਨ—

ਪੂਰਾ ਸਤਿਗੁਰ ਜਾਣੀਐ ਪੂਰੇ ਪੂਰਾ ਠਾਟ ਬਣਾਇਆ ॥
ਪੂਰੇ ਪੂਰਾ ਤੋਲ ਹੈ ਘਟੈ ਨ ਵਧੈ ਘਟਾਇ ਵਧਾਇਆ ॥
ਪੂਰੇ ਪੂਰੀ ਮਤਿ ਹੈ ਹੋਰਸੁ ਪੁਛ ਨ ਮਤਾ ਪਕਾਇਆ ॥
ਪੂਰੇ ਪੂਰਾ ਮੰਤ ਹੈ ਪੂਰਾ ਬਚਨ ਨ ਟਲੈ ਟਲਾਇਆ ॥
ਸਭੇ ਇਛਾ ਪੂਰੀਆ ਸਾਧ ਸੰਗਤ ਮਿਲ ਪੂਰਾ ਪਾਇਆ ॥
ਵੀਹ ਇਕੀਹ ਉਲੰਘਿ ਕੈ ਪਤ ਪਉੜੀ ਨਿਜ ਘਰ ਆਇਆ ॥
ਪੂਰੇ ਪੂਰਾ ਹੋਇ ਸਮਾਇਆ ॥

ਜੇ ਅਸੀਂ ਪੂਰੇ ਸਤਿਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨੂੰ ਧਿਆਨ ਨਾਲ ਪੜ੍ਹੀਏ ਤਾਂ ਪਤਾ ਲਗਦਾ ਹੈ ਕਿ ਆਪ ਨੇ ਸਾਰੀ ਉਮਰ ਵਿਚ ਕਦੀ ਇਕ ਵਾਰੀ ਵੀ ਝੂਠ, ਫ਼ਰੇਬ ਜਾਂ ਹੇਰਾ ਫੇਰੀ ਤੋਂ ਕੰਮ ਨਹੀਂ ਲਿਆ। ਔਖੇ ਤੋਂ ਔਖੇ ਸਮੇਂ ਵੀ ਵੈਰੀ ਨੂੰ ਧੋਖਾ ਦੇ ਕੇ ਨਹੀਂ ਮਾਰਿਆ, ਸਗੋਂ ਸੱਚਾ ਸੁੱਚਾ ਜੀਵਨ ਬਿਤਾ ਕੇ ਇਹ ਸਾਬਤ ਕੀਤਾ ਕਿ ਸੱਚ ਤੋਂ ਉੱਪਰ ਸੱਚੇ ਅਮਲ ਹਨ, ਤੇ ਸੋਚਣ ਵਾਲੀ ਗਲ ਹੈ ਕਿ ਜਿਹੜਾ ਗੁਰੂ ਸਾਰੀ ਉਮਰ ਸੱਚੇ ਅਮਲਾਂ ਦਾ ਪੱਲਾ ਨਹੀਂ ਛੱਡਦਾ, ਉਹ ਆਪਣਾ ਖਾਲਸ ਪੰਥ ਸਾਜਣ ਵੇਲੇ ਝੂਠ ਜਾਂ ਹੇਰਾ-ਫੇਰੀ ਦਾ ਆਸਰਾ ਕਿਵੇਂ ਲੈ ਸਕਦਾ ਸੀ, ਫਿਰ ਜਿਹੜਾ ਗੁਰੂ ਆਇਆ ਹੀ ਸੰਸਾਰ ਉੱਤੇ ਖਾਲਸ-ਪੰਥ ਸਾਜਣ ਲਈ, ਜਿਸ ਰਾਹੀਂ ਮਨੁੱਖ ਨੂੰ ਪੂਰਨ ਰੂਪ ਦੇ ਕੇ ਗੁਰੂ ਨਾਨਕ ਦਾ ਚਲਾਇਆ ਮਿਸ਼ਨ ਪੂਰਾ ਕਰਨਾ ਸੀ, ਕੀ ਉਸ ਮਿਸ਼ਨ ਨੂੰ ਪੂਰਨ ਰੂਪ ਦੇਣ ਵਲੇ ਉਹ ਪੂਰਾ ਗੁਰੂ, ਹਾਂ ਜੀ ਸਾਡਾ ਸੂਰਾ ਗੁਰੂ ਹੇਰਾ-ਫੇਰੀ ਜਾਂ ਝੂਠ ਦਾ ਆਸਰਾ ਲੈ ਸਕਦਾ ਸੀ? ਸੰਸਾਰ ਦੇ ਸਦੀਵੀ ਕਲਿਆਣ ਲਈ ਸਾਜਣਾ ਗੁਰੂ ਨੇ ਖਾਲਸਾ ਪੰਥ ਹੋਵੇ ਤੇ ਲਵ ਝੂਠ ਤੇ ਹੇਰਾ-ਫੇਰੀ ਦਾ ਆਸਰਾ। ਨਹੀਂ ਇਹ ਮੰਨਣਾ ਓਨਾਂ ਹੀ ਗਲਤ ਹੈ ਜਿਨਾਂ ਦੋ ਤੇ ਦੋ ਚਾਰ ਦੀ ਥਾਂ ਪੰਜ ਮੰਨ ਲੈਣਾ। ਗੁਰੂ ਗੋਬਿੰਦ ਸਿੰਘ ਜੀ ਦਾ ਮਨੁਖ ਨੂੰ ਖਾਲਸ ਬਣਾਉਣ ਵੇਲੇ, ਮਨੁਖ ਨੂੰ ਸਦਾ ਲਈ ਖਾਲਸ ਜਥੇਬੰਦੀ ਵਿਚ ਪ੍ਰੋਣ ਵੇਲੇ ਝੂਠ ਦਾ ਆਸਰਾ ਲੈਣ ਜਾਂ ਗਲਤੀ ਕਰ ਬੈਠਣਾਂ ਓਨਾਂ ਹੀ ਅਸੰਭਵ ਹੈ ਜਿਨਾਂ ਭਾਰਤ ਵਿਚ ਪਛਮ ਵਲੋਂ ਸੂਰਜ ਦਾ ਚੜਨ੍ਹਾਂ।

ਇਹ ਸਾਰੀ ਵਿਚਾਰ ਸਾਨੂੰ ਪਕੀ ਤਰ੍ਹਾਂ ਦ੍ਰਿੜਾਉਂਦੀ ਹੈ ਕਿ ਗੁਰੂ ਸਾਹਿਬਾਨ ਨੇ ਖਾਲਸਾ ਪੰਥ ਸਾਜਣ ਵੇਲੇ ਕਿਸੇ ਝੂਠ ਜਾਂ ਹੇਰਾ ਫੇਰੀ ਦਾ ਆਸਰਾ ਨਹੀਂ ਲਿਆ, ਨਾਂ ਹੀ ਕੋਈ ਗਲਤੀ ਕੀਤੀ ਸਗੋਂ ਨਿਰੋਲ ਸੱਚ ਅਤੇ ਸੁਚ ਦੇ ਅਧਾਰ*

www.AKJ.Org

# ਸ੍ਰੀ
# ਅਖੰਡ ਪਾਠ

(ਨੰ: ੩)

( ਵਲੋਂ — ਪ੍ਰੋਫੈਸਰ ਗੁਰਮੁਖ ਸਿੰਘ ਜੀ ਸੰਗਰੂਰ )

'ਬਾਰਕ ਵਾਂਗੀ ਹਉ ਸਭ ਕਿਛੁ ਮੰਗਾ ॥ ਦੇਂਦੇ ਤੋਟ ਨਹੀ ਪ੍ਰਭ ਰੰਗਾ ॥

ਇਸ ਫੁਰਮਾਨ ਦੇ ਸਿਧੇ ਪਧਰੇ ਭਾਵ ਤਾਂ ਇਹੋ ਹੀ ਹਨ ਕਿ ਮੈਂ ਪ੍ਰੇਮ-ਵਿਚ ਆਕੇ, ਬਾਲਕ ਦੀ ਨਿਆਈ, ਹੇ ਪ੍ਰਭੂ ਤੇਰੇ ਪਾਸੋਂ ਸਭ ਕੁਝ ਮੰਗਦਾ ਹਾਂ, ਮੰਗਣ ਲਗ ਜਾਂਦਾ ਹਾਂ, ਅਤੇ ਤੇਰੇ ਰੰਗਾਂ ਵਿੱਚ ਮੈਨੂੰ ਕਦੀ ਤੋਟ ਨਹੀਂ ਆਈ। ਕਈ ਲੋਗ ਇਹ ਵੀ ਕਹਿ ਦਿੰਦੇ ਹਨ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਸ਼ਰਧਾਲੂ ਹਾਂ ਅਸਾਂ ਹੁਣ ਹੋਰ ਤਾਂ ਕਿਤੇ ਨਹੀਂ ਜਾਣਾ, ਨਾ ਮਸੀਤ, ਨਾ ਠਾਕੁਰਦੁਆਰੇ ਵਲ ਮੂੰਹ ਕਰਨਾ ਹੈ, ਜੇ ਗੁਰੂ ਸਾਹਿਬ ਤੋਂ ਵੀ ਕੁਝ ਨਾ ਮੰਗੀਏ ਤਾਂ ਕਿਥੇ ਜਾਈਏ? ਗਲ ਵੀ ਠੀਕ ਹੈ। ਅਸੀਂ ਸੰਸਾਰੀ ਜੀਵ ਹਾਂ, ਸਾਡੀਆਂ ਇਤਨੀਆਂ ਚੜ੍ਹਦੀਆਂ ਕਲਾਂ ਤਾਂ ਅਜੇ ਹੋਈਆਂ ਨਹੀਂ ਕਿ ਨਾਮ ਤੋਂ ਬਿਨਾਂ ਹੋਰ ਕੁਝ ਨਾ ਮੰਗੀਏ। ਪਰ ਸੰਸਾਰਕ ਮੰਗਾਂ ਮੰਗਣ ਲਈ ਕੇਵਲ ਸਚੇ ਦਿਲੋਂ ਅਰਦਾਸ ਹੀ ਕਾਫ਼ੀ ਹੈ। ਸ੍ਰੀ ਅਖੰਡਪਾਠ ਨੂੰ ਸੰਸਾਰਕ ਲੋੜਾਂ ਦੀ ਪੂਰਤੀ ਲਈ ਵਰਤ ਕੇ ਅਸੀਂ ਇਸ ਦੀ ਮਹਾਨਤਾ ਨੂੰ ਕੇਵਲ ਘਟ ਹੀ ਕਰ ਰਹੇ ਹਾਂ। ਪਿਛੇ ਸ੍ਰੀ ਅਖੰਡ ਪਾਠ ਦੀ ਪ੍ਰਚਲਿਤ ਮਰਯਾਦਾ ਵਿਚ ਕੁਰੀਤੀਆਂ ਬਾਰੇ ਜੋ ਕੁਝ ਲਿਖਿਆ ਹੈ, ਉਸਦਾ ਇਕ ਵਡਾ ਕਾਰਣ ਇਹੋ ਹੈ ਕਿ ਅਸੀਂ ਮਾੜੀ ਮਾੜੀ ਸੰਸਾਰਕ ਗਲ ਪਿਛੇ ਸ੍ਰੀ ਅਖੰਡ ਪਾਠ ਦਾ ਜਗ ਰਚ ਦਿੰਦੇ ਹਾਂ। ਜ ਇਸਦੀ ਨਿਰੋਲ ਅਧਿਆਤਮਕ ਉੱਨਤੀ ਲਈ ਵਰਤੋਂ ਕੀਤੀ ਜਾਏ ਤਾਂ ਕਿਤੇ ਜ਼ਿਆਦਾ ਸ਼ੋਭਨੀਕ। ਅਜ ਸਾਡੇ ਰਸਮੋ ਰਿਵਾਜ ਤੇ ਸਮਾਜਿਕ ਵਡਪਣ ਜਾਂ ਮਾਨ ਪ੍ਰਾਪਤੀ ਲਈ ਇਸ ਦੀ ਵਰਤੋਂ ਖੁਲੇ ਆਮ ਹੁੰਦੀ ਹੈ। ਸਗੋਂ ਅਸੀਂ ਇਸ ਦੀ ਮਹਾਨਤਾ ਨਾ ਜਾਣ ਕੇ ਅਣਜਾਣ ਬੱਚੇ ਵਾਂਗ ਹੀਰੇ ਨੂੰ ਬੇ ਕਦਰੀ ਨਾਲ ਵਰਤ ਰਹੇ ਹਾਂ। ਜੇ ਕਾਰਜ ਸਿਧੀ ਲਈ ਪਾਠ ਹੀ ਕਰਨਾ ਹੈ ਤਾਂ ਸਹਿਜ ਪਾਠ, ਆਪ ਖੁਦ ਹੀ ਕਰੋ। ਸਹਿਜੇ ਸਹਿਜੇ ਪਾਠ ਕਰੋ। ਇਸ ਦੇ ਦੋਵੇਂ ਲਾਭ ਹੋਣਗੇ, ਆਤਮਕ ਵੀ ਅਤੇ ਆਰਥਕ ਵੀ।

*ਉਤੇ ਅਕਾਲ ਪੁਰਖ ਦੇ ਹੁਕਮ ਅਨੁਸਾਰ ਖਾਲਸਾ ਪੰਥ ਦੀ ਨੀਂਹ ਰਖੀ। ਅਤੇ ਨੀਂਹ ਰਖਣ ਵੇਲੇ ਪੰਜ ਸਿੱਖਾਂ ਦੇ ਸੀਸ ਨੂੰ ਆਪਣੇ ਅਕਾਲੀ ਖੰਡੇ ਦੀ ਧਾਰ ਉਤੇ ਪਰਖ਼ ਕੇ ਨਵ ਜਨਮ ਬਖਸ਼ਿਆ ਅਤੇ ਫਿਰ ਅੰਮ੍ਰਿਤ ਦਾ ਚੁਲਾ ਦੇਕੇ ਸਾਰੀ ਮਨੁਖਤਾ ਨੂੰ ਖਾਲਸ ਬਣਨ ਦਾ ਰਾਹ ਦਸਿਆ, ਜਿਸ ਰਾਹ ਉਤੇ ਚਲਕੇ, ਜਿਸ ਖਾਲਸਾ ਪੰਥ ਦੇ ਭਾਈਚਾਰੇ ਵਿਚ ਸ਼ਾਮਲ ਹੋਕੇ, ਕਾਮ ਕਰੋਧ ਦੀ ਅਗਨੀ ਵਿਚ ਜਲ ਰਿਹਾ ਸੰਸਾਰ ਮੁਕਤ ਹੋ ਰਿਹਾ ਹੈ, ਮੁਕਤ ਹੋ ਸਕਦਾ ਹੈ, ਮੁਕਤ ਹੋਕੇ ਰਹੇਗਾ।

(ਸਮਾਪਤ)

www.AKJ.Org

# ਹਉਮੈ ਦੀਰਘੁ ਰੋਗ ਹੈ

( ਵਲੋਂ— ਭਾਈ ਕਰਮ ਸਿੰਘ 'ਭੰਡਾਰੀ' ਬਰਨਾਲਾ )

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜਿਤਨਾ ਨਾਮ ਜਪਣ ਅਤੇ ਹਉਮੈ (ਹੰਕਾਰ) ਤਿਆਗਣ ਤੇ ਜ਼ੋਰ ਦਿਤਾ ਗਿਆ ਹੈ, ਸ਼ਾਇਦ ਹੀ ਹੋਰ ਕਿਸੇ ਬਾਤ ਤੇ ਦਿਤਾ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਰ ਲਾਇਨ, ਹਰ ਅੰਗ (ਸਫ਼ਾ) ਮਨੁਖ ਨੂੰ ਨਾਮ ਜਪਣ, ਵੰਡ ਛਕਣ, ਸਰਬੱਤ ਦਾ ਭਲਾ ਮੰਗਣ, ਕਿਰਤ ਕਮਾਈ ਕਰਨ, ਸੇਵਾ ਕਰਨ ਅਤੇ ਹਉਮੈ ਤਿਆਗਕੇ ਨਿਰਮਾਣਤਾ ਵਿਚ ਰਹਿਣ ਦੀ ਪ੍ਰੇਰਣਾ ਦਿੰਦਾ ਹੈ, ਕਿਉਂਕਿ ਹਉਮੈ (ਮੈਂ ਹੀ, ਮੇਰਾ ਹੀ) ਸਭ ਅਵਗੁਣਾਂ ਵਿਚੋਂ ਵਡਾ ਅਵਗੁਣ, ਸਭ ਖੋਟਾਂ ਵਿਚੋਂ ਵਡਾ ਅਤੇ ਸਭ ਰੋਗਾਂ ਵਿਚੋਂ ਮਹਾਂ ਰੋਗ ਹੈ।

ਹਉਮੈ ਦੇ ਪਰਦੇ ਵਿਚੋਂ ਹੀ ਮਨੁਖ ਵਿਚ ਕਾਮ, ਕ੍ਰੋਧ, ਲੋਭ,ਮੋਹ ਆਦਿ ਵਿਕਾਰ ਮਨੁੱਖਤਾ ਦੇ ਵੈਰੀ ਹੁੰਦੇ ਹਨ। ਤ੍ਰਿਸ਼ਨਾ ਭੀ ਇਸ ਹਉਮੈ ਦੀ ਧੀ ਸਮਝੀ ਜਾਂਦੀ ਹੈ। ਹਉਮੈ ਬਹੁਤ ਕਿਸ਼ਮਾਂ (ਢੰਗਾਂ) ਨਾਲ ਮਨੁਖੀ ਸਰੀਰ ਨੂੰ ਬਰਬਾਦ ਕਰਦਾ ਹੈ। ਜਿਵੇਂ ਜਾਤੀ ਦਾ ਹੰਕਾਰ, ਧਰਮ ਦਾ ਹੰਕਾਰ, ਪ੍ਰਵਾਰ ਦਾ ਹੰਕਾਰ, ਰੂਪ ਅਤੇ ਜਵਾਨੀ ਦਾ ਹੰਕਾਰ ਕੀਤੇ ਹੋਏ ਦਾਨ ਪੁੰਨ ਦਾ ਹੰਕਾਰ, ਜਪੇ ਹੋਏ ਨਾਮ ਦਾ ਹੰਕਾਰ (ਹਉਮੈ) ਅਤੇ ਹੋਰ ਕਿਸੇ ਭੀ ਕਿਸਮ ਦਾ ਹੋਵੇ ਜਿਸ ਮਨੁਖ ਨੂੰ ਇਹ ਮਹਾਂ ਰੋਗ ਲਗ ਜਾਂਦਾ ਹੈ। ਉਸਦੇ ਸਭ ਸ਼ੁਭ ਗੁਣਾਂ ਦਾ ਨਾਸ ਕਰ ਦਿੰਦਾ ਹੈ। ਇਸ ਹੰਕਾਰ ਦੇ ਅੰਦਰ ਮਸਤ ਹੋ ਕੇ ਮਨੁਖ ਹਰ ਪ੍ਰਕਾਰ ਦਾ ਜ਼ੁਲਮ ਅਤਿਆਚਾਰ; ਬੇ-ਇਨਸਾਫੀ; ਲੜਾਈ; ਝਗੜੇ; ਝੂਠ, ਫਰੇਬ ਧੋਖੇਬਾਜ਼ੀ, ਦਗਾ, ਧਕਾਜੋਰੀ ਆਦਿ ਸਭ ਹੀ ਬੁਰੇ ਭੈੜੇ ਅਤੇ ਨਾ ਮੁਰਾਦ ਕਰਮ (ਕੰਮ) ਕਰ ਬੈਠਦਾ ਹੈ।

ਮਨੁਖ ਹੰਕਾਰ ਦੀ ਮਸਤੀ ਵਿਚ ਆਕੇ ਹੀ ਗਰੀਬਾਂ ਮਜ਼ਲੂਮਾਂ, ਅਨਾਥਾਂ; ਨਿਆ-ਸਰਿਆਂ ਤੇ ਆਪਣੀ ਮਨਮਾਨੀ ਕਰਦਾ ਹੈ। ਉਨ੍ਹਾਂ ਨੂੰ ਗੁਲਾਮ ਬਨਾਉਣ ਦਾ ਜਤਨ ਕਰਦਾ ਹੈ। ਦੁਸਰਿਆਂ ਦੀ ਜਾਇਦਾਦ, ਧਨ. ਦੌਲਤ, ਮਾਲ ਤ ਧਕੇ ਜੋਰੀ ਨਾਲ ਕਬਜ਼ਾ ਕਰ ਬੈਠਦਾ ਹੈ। ਹੰਕਾਰੀ ਮਨੁਖ ਸਮਾਜ ਦੇ ਲੋਕਾਂ ਲਈ ਦੁਖ ਦਾ, ਨਾਟਕ ਪੇਸ਼ ਕਰਦਾ ਹੈ ਅਜੇਹਾ ਮਨੁਖ ਆਪ ਭੀ ਦੁਖੀ ਰਹਿੰਦਾ ਹੈ, ਅਤੇ ਸਮਾਜ ਵਾਸੀਆਂ (ਨੇੜੇ ਦੇ ਲੋਕਾਂ) ਲਈ ਭੀ ਦੁਖ ਦਾ ਕਾਰਨ ਬਣ ਜਾਂਦਾ ਹੈ।

ਇਸ ਹਉਮੈ ਦੇ ਕਾਰਨ ਹੀ ਮਨੁਖ ਜਨਮ ਮਰਣ ਦੇ ਗੇੜ ਵਿਚ ਪੈਕੇ ਜਨਮਾਂ-ਜਨਮਾਂਤਰਾਂ ਲਈ ਪ੍ਰਮਾਤਮਾਂ ਤੋ ਵਿਛੜ ਕੇ ਟਕਰਾਂ ਖਾਂਦਾ, ਦੁਖ ਦਰਦ, ਮੁਸੀਬਤਾਂ, ਤਕਲੀਫਾਂ, ਔਕੜਾਂ ਆਦਿ ਝਲਦਾ ਰਹਿੰਦਾ ਹੈ। ਮਨੁਖ ਹਉਮੈ ਦੇ ਜਾਲ ਵਿਚ ਫਸ ਕੇ ਹੀ ਹੀਰੇ ਸਮਾਨ ਅਮੋਲਕ ਜ਼ਿੰਦਗੀ ਨੂੰ ਕੌਡੀਆਂ ਤੋਂ ਭੀ ਭੈੜੀ ਬਨਾਈ ਰਖਦਾ ਹੈ। ਅਤੇ ਉਹ(ਮਨੁਖ) ਇਕ ਸਵਾਰਥੀ ਠਗ ਦਾ ਰੂਪ ਧਾਰਨ

www.AKJ.Org

ਕਰ ਲੈਂਦਾ ਹੈ ਸਾਨੂੰ ਪਿਛਲੀਆਂ ਮਿਸਾਲਾਂ ਹਉਮੈ ਤੋਂ ਵਧੇ ਝਗੜੇ ਦੀਆਂ ਬਹੁਤ ਮਿਲਦੀਆਂ ਹਨ ਜਿਵੇਂ ਹਰਨਾਖਸ਼ ਨੇ ਮੇਰੀ ਦੁਨੀਆਂ, ਮੇਰਾ ਰਾਜ, ਮੇਰਾ ਧਨ ਆਦਿ ਕਹਿਕੇ ਪ੍ਰਜਾ ਨੂੰ ਦੁਖ ਤਕਲੀਫ਼ ਦਿਤੇ ਪ੍ਰਹਿਲਾਦ ਨੂੰ ਮੌਤ ਦੇ ਘਾਟ ਉਤਾਰਨ ਦਾ ਜਤਨ ਕੀਤਾ, ਤਾਂ ਇਸ ਦਾ ਖਾਤਮਾਂ ਅਕਾਲ ਪੁਰਖ ਵਲੋਂ ਭੇਜੇ ਗਏ ਨਰ ਸਿੰਘ ਅਵਤਾਰ ਨੇ ਕੀਤਾ। ਇਸੇ ਤਰਾਂ ਹੀ ਰਾਵਨ, ਬਾਲੀ ਮੇਘਨਾਥ, ਕੁੰਭਕਰਣ, ਦੁਰਯੋਧਨ, ਵਲੀ ਕੰਧਾਰੀ, ਮਲਕ-ਭਾਗੋਂ, ਔਰੰਗਜ਼ੇਬ, ਮਸਾਰੰਘੜ ਆਦਿ ਬੜੇ ਹਉਮੈ (ਹੰਕਾਰ) ਵਿਚ ਮਸਤ ਮਗਰੂਰ ਰਹੇ ਪਰ ਅੰਤ ਨੂੰ ਖਾਕ ਦੀ ਢੇਰੀ ਹੋ ਗਏ ਇਨ੍ਹਾਂ ਹੰਕਾਰੀਆਂ ਦਾ ਨਾਮ ਅਜ ਸੰਸਾਰ ਬੜੀ ਨਫਰਤ ਨਾਲ ਲੈਂਦਾ ਹੈ।

ਇਨ੍ਹਾਂ ਤੋਂ ਸਾਨੂੰ ਇਹ ਮਿਸਾਲ ਮਿਲਦੀ ਹੈ ਕਿ ਜਦੋਂ ਮਨੁਖ ਨੂੰ ਹਉਮੈ ਚਿੰਬੜ ਜਾਂਦਾ ਹੈ ਤਾਂ ਇਹ ਆਪ ਹੀ ਆਪਣੇ ਆਪ ਵਿਚ ਮਸਤ ਹੋਕੇ ਸੰਸਾਰ ਤੋਂ ਸਦਾ ਕਸ਼ਟ ਦੁਖ, ਅਤੇ ਤਕਲੀਫ ਹੀ ਪਾਉਂਦਾ ਰਹਿੰਦਾ ਹੈ। ਵਡੇ ਲੋਕ (ਰਾਜੇ, ਮਹਾਰਾਜੇ ਧਨੀ ਤੇ ਅਮੀਰ) ਆਪਣੇ ਆਪ ਨੂੰ ਧਨ ਦੋਲਤ ਦੀ ਮਸਤੀ ਵਿਚ ਜਿਤਨਾਂ ਮਰਜ਼ੀ ਖੁਸ਼ੀ (ਸੁਖੀ) ਦੇ ਵਿਚ ਦੇਖਣ ਪਰ ਇਨ੍ਹਾਂ ਵਿਚ ਹਉਮੈ ਦੀ ਕਣੀ ਵਸਣ ਦੇ ਕਾਰਨ ਇਹ ਲੋਕ ਸਦਾ ਹੀ ਅੰਦਰੋਂ ਦੁਖੀ ਰਹਿੰਦੇ ਹਨ। ਇਸ ਲਈ ਹਉਮੈ ਦਾ ਨਾਮ ਆਸਾਧ ਰੋਗ ਰਖਿਆ ਹੈ, ਅਤੇ ਅਸਾਧ ਦਾ ਅਰਥ ਹੈ ਨਾ ਸਾਧੇ ਜਾਣ ਵਾਲਾ ਭਾਵ ਨਾ ਖਤਮ ਹੋਣ ਵਾਲਾ ਰੋਗ। ਕਿਉਂਕਿ ਇਸ ਹਉਮੈ ਦੇ ਰੋਗ ਨੂੰ ਕੋਈ ਵੈਦ, ਹਕੀਮ, ਡਾਕਟਰ ਸਿਆਣਾ ਆਦਿ ਨਹੀਂ ਹਟਾ ਸਕਦਾ ਹੈ। ਹਉਮੈ ਨੂੰ ਦੀਰਘ ਰੋਗ ਇਸ ਲਈ ਕਿਹਾ ਜਾਂਦਾ ਹੈ ਕਿ ਇਹ ਨਾ ਮੁਰਾਦ ਮਹਾ ਰੋਗ (ਹਉਮੈ) ਜਿਸ ਨੂੰ ਭੀ ਲਗ ਜਾਂਦਾ ਹੈ ਉਸਦਾ ਪਿਛਾ ਕਈ ਜਨਮਾਂ ਤਕ ਵੀ ਨਹੀਂ ਛਡਦਾ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਹਉਮੈ ਦੇ ਕਈ ਨਾਮ ਲਿਖੇ ਹਨ; ਜਿਵੇਂ; ਮਾਣ, ਹੰਕਾਰ, ਗਰਬਿ, ਘਮੰਡ, ਅਭਿਮਾਨ, ਹਉਂ (ਮੈਂ ਮੈਂ), ਹੰਗਤਾ, ਜ਼ਹਿਰ, ਬਿਖੁਆ, ਤੇ ਬਿਸੀਅਰ (ਸੱਪ) ਆਦਿ ਲਿਖ ਲਿਖ ਕੇ ਦਰਸਾਇਆ ਹੈ। ਇਨ੍ਹਾਂ ਵਿਚੋ ਜਿਹੜਾ ਭੀ ਮਨੁਖ ਨੂੰ ਲਗ ਜਾਂਦਾ ਹੈ ਉਹ ਹੀ ਮਨੁਖ ਦਾ ਜੀਵਨ ਮਿੱਟੀ ਦੇ ਸਮਾਨ ਬਣਾ ਦਿੰਦਾ ਹੈ। 'ਹਉਮੈ ਬਿਖ ਮਨੁ ਮੋਹਿਆ ਲਦਿਆ ਅਜਗਰ ਭਾਰੀ' (ਮਲਾਰ ਮ: ੩) ਇਸ ਮਨੁਖ ਨੂੰ ਹਉਮੈ ਰੂਪੀ ਜਹਿਰ ਭੀ ਮੋਹ ਕੇ ਆਪਣੇ ਵਸ ਕਰ ਲੈਂਦੀ ਹੈ, ਅਤੇ ਇਸ ਮਨੁਖੀ ਸਰੀਰ ਨੂੰ ਬਿਖ ਦੇ ਕੇ ਵਿਚੇ ਵਿਚ ਸਾੜ ਛਡਦੀ ਹੈ। ਪਰ ਜੋ ਜੋ ਮਨੁਖ ਗੁਰੂ (ਅਕਾਲ ਪੁਰਖ) ਦੀ ਸ਼ਰਨ ਵਿਚ ਚਲਿਆ ਜਾਂਦਾ ਹੈ ਅਤੇ ਗੁਰੂ ਦੀ ਮਤ (ਗੁਰਮਤਿ) ਨੂੰ ਅੰਗੀਕਾਰ ਕਰਦਾ ਹੈ ਉਸਨੂੰ ਇਹ ਹਉਮੈ ਰੂਪੀ ਜਹਿਰ ਕੁਝ ਭੀ ਨਹੀਂ ਕਹਿ ਸਕਦੀ। 'ਗਰੁੜ ਸਬਦੁ ਮੁਖਿ ਪਾਇਆ ਹਉਮੈ ਬਿਖ ਮਾਰੀ' (ਮਲਾਰ ਮ: ੩) ਇਹ ਹਉਮੈ ਰੂਪੀ ਜਹਿਰ ਸਬਦ (ਨਾਮ) ਦੇ ਜਪਣ ਨਾਲ ਹੀ ਦੂਰ ਕੀਤੀ ਜਾ ਸਕਦੀ ਹੈ। ਜਿਉਂ ੨ ਮਨੁਖ ਨਾਮ ਜਪਦਾ ਹੈ ਤਾਂ ਇਸ ਦੇ ਅੰਦਰੋਂ ਇਹ ਜ਼ਹਿਰ ਦੂਰ ਹੁੰਦੀ ਜਾਂਦੀ ਰਹਿੰਦੀ ਹੈ ਅਤੇ ਇਹਦੇ (ਮਨੁਖ) ਅੰਦਰ ਇਸਦੇ ਉਲਟ ਅੰਮ੍ਰਿਤ ਰੂਪੀ ਸੀਤਲਤਾ ਤੇ ਨਿਮਰਤਾ ਆਉਣੀ ਸ਼ੁਰੂ ਹੋ ਜਾਂਦੀ ਹੈ ਪਰ ਜਦੋਂ ਮਨੁਖ ਹਉਮੈ ਦਾ ਹੀ ਪਲਾ ਪਕੜ ਲੈਂਦਾ ਹੈ ਤਾਂ ਉਸ ਵਿਚ ਹਉਮੈ ਤੋਂ ਉਪਜਣ ਵਾਲੇ ਸਾਰੇ ਵਿਕਾਰ ਪੈਦਾ ਹੋ ਜਾਂਦੇ ਹਨ, ਤੇ ਉਹ ਗਰੀਬ, ਅਨਾਥ, ਆਜਜ਼, ਨਿਮਾਣਿਆਂ ਨਿਤਾਣਿਆਂ ਅਤੇ ਨਿਆਸਰਿਆਂ ਨਾਲ ਨਫਰਤ (ਘਿਰਣਾ) ਕਰਨ ਲਗ ਜਾਂਦਾ ਹੈ। ਉਸਨੂੰ ਆਪਣੇ ਆਪ ਦੀ ਸੋਝੀ (ਪਛਾਣ) ਨਹੀਂ ਰਹਿੰਦੀ। ਜਿਵੇਂ ਬੁਖ਼ਾਰ ਵਿਚ ਬੀਮਾਰ ਆਦਮੀ ਨੂੰ ਕੋਈ ਭੀ ਪ੍ਰਵਾਰ ਦਾ ਜੀਵ, ਖਾਣਾ (ਭੋਜਨ) ਮਿੱਤਰ ਪਿਆਰਾ, ਦਵਾਈ ਆਦਿ ਚੰਗੇ ਨਹੀਂ ਲਗਦੇ, ਅਤੇ ਸਹਿਜੇ ੨ ਉਸ ਮਨੁਖ ਦਾ ਮਨ ਸੰਸਾਰ ਵਲੋਂ ਬਿਲਕੁਲ ਉਪਰਾਮ ਹੋ ਜਾਂਦਾ ਹੈ, ਉਸ ਨੂੰ ਨਿਤ ਨਵੇਂ ੨ ਭਿਅੰਕਰ ਸੁਫਨੇ ਆਉਂਦੇ ਰਹਿੰਦੇ ਹਨ; ਰਾਤ ਨੂੰ ਬੁੜਬੁੜਾਉਂਦਾ ਹੈ, ਉਸਦਾ ਕਿਸੇ ਵੀ ਵਸਤ ਦੀ


www.AKJ.Org

ਇਛਿਆ ਨਾ ਭੀ ਰਖਦਾ ਹੋਇਆ ਦੁਖੀ ਰਹਿੰਦਾ ਹੈ। ਇਸੇ ਤਰ੍ਹਾਂ ਹੀ ਹਉਮੈਂ ਅੰਦਰ ਗ਼ਲਤਾਨ ਹੋਇਆ ਮਨੁਖ, ਉਦਾਸ, ਗ਼ਮਗੀਨ, ਨਿਰਾਸ ਅਤੇ ਦੁਖੀ ਹੋਇਆ ਹਮੇਸ਼ਾਂ ਲਈ ਝਗੜਾਲੂ; ਈਰਖਾਲੂ ਕਪਟੀ, ਲੋਭੀ; ਕਾਮੀ ਬਣ ਜਾਂਦਾ ਹੈ; ਅਤੇ ਆਪੇ ਤੋਂ ਬਾਹਰ ਹੋਇਆ ਰਹਿੰਦਾ ਹੈ। ਉਸ ਮਨੁਖ ਦੇ ਚੇਹਰੇ ਤੋਂ ਹਮੇਸ਼ਾਂ ਲਈ ਖ਼ੁਸ਼ੀ ਦੇ; ਅਨੰਦ ਦੇ; ਸਚਾਈ ਦੇ, ਗਿਆਨ ਦੇ; ਸ਼ਾਂਤਮਈ ਦੇ ਨਿਸ਼ਾਨ ਉੱਡ ਜਾਂਦੇ ਹਨ ਅਤੇ ਉਸ ਦਾ ਚੇਹਰਾ ਹਮੇਸ਼ਾਂ ਲਈ ਇਕ ਡਰਾਉਣੀ ਜੇਹੀ ਸ਼ਕਲ ਬਣਿਆ ਰਹਿੰਦਾ ਹੈ।

ਹਉਮੈ ਨੂੰ ਅਸੀਂ ਰਜੋ ਗੁਣੀ ਅਤੇ ਤਮੋ ਗੁਣੀ ਭੀ ਕਹਿ ਸਕਦੇ ਹਾਂ ਕਿਉਂਕਿ ਇਸ ਦੇ ਪਿਛੇ ਪਿਆਂ ਮਨੁਖ ਨੂੰ ਸ਼ਾਂਤੀ ਨਹੀਂ ਸਗੋਂ ਦੁਖ ਆਣ ਕੇ ਪਕੜ ਲੈਂਦਾ ਹੈ। ਹਉਮੈ ਵਿਚ ਪੈ ਕੇ ਕਦੀ ਮਨੁਖ ਮਨ ਨੂੰ ਵਸ ਵਿਚ ਨਹੀਂ ਕਰ ਸਕਦਾ ਹੈ; ਕਿਉਂਕਿ ਉਸਨੂੰ ਹਉਮੈ ਦਾ ਪਰਦਾ ਹੀ ਆਪਣੇ (ਆਪਣੇ ਖ਼ਿਆਲਾਂ ਨੂੰ ਵਸ ਨਹੀਂ ਕਰਨ ਦਿੰਦਾ) ਆਪ ਦੀ ਪਹਿਚਾਨ ਨਹੀਂ ਕਰਨ ਦਿੰਦਾ; ਆਪਣੇ ਆਪ ਦੀ ਪਹਿਚਾਨ ਤੋਂ ਬਗ਼ੈਰ ਮਨ ਰੂਪੀ ਖ਼ਿਆਲ ਵਸ ਵਿਚ ਨਹੀਂ ਆ ਸਕਦੇ। ਸ੍ਰੀ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਦਸਦੇ ਹਨ ਕਿ ਹਉਮੈ ਵਿਚ ਪੈ ਕੇ ਮਨੁਖ ਨੂੰ ਕੀ ਕੀ ਕਸ਼ਟ ਮਿਲਦਾ ਹੈ ? ਅਤੇ ਉਸ ਨੂੰ ਕਿਸ ੨ ਮੁਸੀਬਤ ਦਾ ਟਾਕਰਾ ਕਰਨਾ ਪੈਂਦਾ ਹੈ ਅਤੇ ਉਸਦਾ ਫਲ ਕੀ ਹੁੰਦਾ ਹੈ ? ਜਿਵੇਂ :—

ਜਿਸ ਕੈ ਅੰਤਰਿ ਰਾਜ ਅਭਿਮਾਨੁ ॥
ਸੋ ਨਰਕ ਪਾਤੀ ਹੋਵਤ ਸੁਆਨੁ ॥
ਜੋ ਜਾਨੈ ਮੈ ਜੋਬਨ ਵੰਤੁ ॥
ਸੋ ਹੋਵਤ ਬਿਸਟਾ ਕਾ ਜੰਤੁ ॥
ਆਪਸ ਕਉ ਕਰਮਵੰਤੁ ਕਹਾਵੈ ॥
ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥
ਧਨ ਭੂਮਿ ਕਾ ਕਰੈ ਗੁਮਾਨੁ ॥
ਸੋ ਮੂਰਖੁ ਅੰਧਾ ਅਗਿਆਨੁ......
......ਅਤਿ ਸੂਰਾ ਜੇ ਕੋਊ ਕਹਾਵੈ ॥
ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥
ਜੇ ਕੋ ਹੋਇ ਬਹੈ ਦਾਤਾਰੁ ॥
ਤਿਸੁ ਦੇਨਹਾਰੁ ਜਾਨੈ ਗਾਵਾਰੁ ॥''

(ਸੁਖਮਨੀ ਸਾਹਿਬ)

ਇਸ ਤਰ੍ਹਾਂ ਮਨੁਖ ਨੂੰ ਹਉਮੈ ਵਿਚ ਕੀਤੇ ਹੋਇ ਕਰਮਾਂ ਦਾ ਫਲ ਦੁਖ ਰੂਪ ਵਿਚ ਮਗਰੋਂ ਜ਼ਰੂਰ ਭੋਗਣਾ ਪੈਂਦਾ ਹੈ।

ਇਹ ਹਉਮੈ ਬਡੇ ੨ ਰਿਸ਼ੀ ਮੁਨੀ, ਪੀਰਾਂ ਫ਼ਕੀਰਾਂ, ਪੈਗ਼ੰਬਰਾਂ, ਨੂੰ ਜੋ ਵਡੀਆਂ ੨ ਉਚੀਆਂ ਮੰਜ਼ਲਾਂ (ਭਗਤੀ, ਤੱਪ ਦੇ ਸਾਧਨ) ਦੇ ਮਾਲਕ ਹੁੰਦੇ ਹਨ ਉਨ੍ਹਾਂ ਨੂੰ ਭੀ ਜਾ ਗ੍ਰਸਦਾ (ਚਿਬੜ) ਹੈ। ਅਤੇ ਉਨ੍ਹਾਂ ਦੀ ਸਭ ਕੀਤੀ ਕਰਾਈ ਕਮਾਈ (ਭਗਤੀ) ਦਾ ਨਾਸ ਕਰਕੇ ਪਲਾਂ ਵਿਚ ਮਿੱਟੀ ਦੇ ਸਮਾਨ ਕਰ ਦਿੰਦਾ ਹੈ। ਹਉਮੈ ਦੋ ਪ੍ਰਕਾਰ ਦੀ ਹੈ (੧) ਅਸਥੂਲ ਅਤੇ (੨) ਸੂਖਮ ਅਸਥੂਲ ਹਉਮੈ ਤਾਂ ਹਰ ਜੀਵ ਤੇ ਹਰ ਵਕਤ ਸਵਾਰ ਰਹਿੰਦਾ ਹੈ ਇਹ ਹਉਮੈ ਕਦੀ ਭੀ ਮਨੁਖ ਨੂੰ ਸ਼ੁਭ, ਨੇਕ ਕਰਮ ਨਹੀਂ ਕਰਨ ਦੇਂਦੀ। ਅਤੇ ਸੂਖਮ ਓਹ ਹੈ ਜੋ ਹਮੇਸ਼ਾਂ ਭਗਤਾਂ, ਸੰਤਾਂ, ਮਹਾਤਮਾਂ ਦੀ ਭਗਤੀ ਦੀਆਂ ਮੰਜ਼ਲਾਂ ਦੇ ਨਾਲ ੨ ਪਹੁੰਚ ਦੀ ਹੋਈ ਓਦੋਂ ਤਕ ਮਨੁਖ ਦਾ ਪਿਛਾ (ਖਹਿੜਾ) ਨਹੀਂ ਛਡਦੀ ਜਦੋਂ ਤਕ ਕਿ ਉਹ ਆਪਣੀ ਅਖੀਰੀ ਮੰਜ਼ਲਿ ਵਿਚ ਜਾ ਪ੍ਰਵੇਸ਼ ਹੋਕੇ ਪੰਧ ਨਹੀਂ ਮੁਕਾ ਲੈਂਦਾ ਭਾਵ ਪ੍ਰਮਾਤਮਾਂ ਵਿਚ ਅਭੇਵ ਨਹੀਂ ਹੋ ਜਾਂਦਾ। ਗੁਰਬਾਣੀ ਦਾ ਪਵਿਤ੍ਰ ਫ਼ੁਰਮਾਨ ਭੀ ਹੈ 'ਗੁਰ ਲਾਗਾ ਤਬ ਜਾਣੀਐ ਮਿਟੇ ਮੋਹ ਤਨ ਤਾਪ ॥

ਹਉਮੈ ਇਕ ਪ੍ਰਕਾਰ ਦਾ ਪੜਦਾ ਹੈ ਜੋ ਜੀਵ ਆਤਮਾਂ ਨੂੰ ਪ੍ਰਮਾਤਮਾਂ (ਅਕਾਲ ਪੁਰਖ) ਪਾਸੋਂ ਵਿਛੋੜੀ ਬੈਠਾ (ਰਖਦਾ) ਹੈ। 'ਆਸਿ ਪਾਸਿ ਬਿਖੂਆ ਕੇ ਕੁੰਟਾ ਬੀਚ ਅੰਮ੍ਰਿਤੁ ਹੈ ਭਾਈ ਰੇ' ਭਾਵ ਇਹ ਹੈ ਕਿ ਅੰਮ੍ਰਿਤ ਰੂਪੀ ਪ੍ਰਮਾਤਮਾਂ ਨੂੰ ਲਭਣਾ (ਮਿਲਣਾ) ਅਸਾਨ ਨਹੀਂ ਹੈ, ਜੇ ਅੰਮ੍ਰਿਤ ਰੂਪੀ ਪ੍ਰਮਾਤਮਾਂ ਨੂੰ ਲਭਨਾ ਹੋਵੇ ਤਾਂ


www.AKJ.Org

ਪਹਿਲਾਂ ਸਾਨੂੰ ਬਿਖੂਏ ਰੂਪੀ ਹਉਮੈ ਦਾ ਨਾਸ ਕਰਨਾ ਪਵੇਗਾ ਫਿਰ ਕਿਤੇ ਜਾਕੇ ਅਸੀਂ ਅੰਮ੍ਰਿਤ (ਪ੍ਰਮਾਤਮਾ) ਨੂੰ ਪ੍ਰਾਪਤ ਕਰ ਸਕਦੇ ਹਾਂ। ਹਉਮੈ ਮਨੁਖ ਦੇ ਅੰਦਰ ਇਸ ਤਰ੍ਹਾਂ ਰਹਿੰਦਾ ਹੈ ਜਿਵੇਂ ਦਰੱਖਤ ਦੇ ਵਿਚ ਅੱਗ ਰਹਿ ਰਹੀ ਹੁੰਦੀ ਹੈ। ਪਰ ਭਗਤ ਜਨ ਇਸ ਹਉਮੈ ਦੀ ਕਦੀ ਭੀ ਪ੍ਰਵਾਹ ਨਹੀਂ ਕਰਦੇ, ਕਿਉਂਕਿ ਉਹਨਾਂ ਦੀ ਚਾਹਨਾ (ਇਛਾ) ਆਖੀਰੀ ਮੰਜ਼ਲ ਭੀ ਤਹਿ ਕਰਕੇ ਪ੍ਰਮਾਤਮਾਂ ਵਿਚ ਅਭੇਦ ਹੋਣ ਦੀ ਹੁੰਦੀ ਹੈ ਨਾਕਿ ਰਾਹ ਵਿਚ ਹੀ ਹਉਮੈ ਦੇ ਚਕਰ ਵਿਚ ਪੈਕੇ ਖਾਕ (ਸੁਆਹ) ਬਨਣ ਦੀ। ਜੇ ਕੋਈ ਮਨੁਖ ਬਿਨ ਸ਼ਬਦ (ਨਾਮ ਸਿਮਰਣ) ਦਾ ਜਾਪ ਜਪੇ ਤੋਂ ਹੀ ਹਉਮੈ ਦਾ ਨਾਸ ਕਰਨਾ ਚਾਹੇ ਤਾਂ ਉਹ ਮੂਰਖ ਹਉਮੈ ਦਾ ਨਾਸ ਨਹੀਂ ਕਰ ਰਿਹਾ ਹੁੰਦਾ ਸਗੋਂ ਭ੍ਰਮਦਾ ਭ੍ਰਮਾਉਂਦਾ ਹੋਇਆ ਉਸਦੇ ਵਧਣ ਵਿਚ ਸਹਾਇਤਾ ਕਰ ਰਿਹਾ ਹੁੰਦਾ ਹੈ ਅਤੇ ਇਸ ਤਰਾਂ ਹਉਮੈ ਵਿਚ ਭਟਕਦਾ ਹੋਇਆ ਮਨੁਖ ਪ੍ਰਮਾਤਮਾਂ ਤੋਂ ਸਦੀਵੀ ਕਾਲ ਤਕ ਵਿਛੜ ਜਾਂਦਾ ਹੈ।

ਮਨੁਖ ਇਸ ਹਉਮੈ ਦੇ ਕਾਰਨ ਹੀ ਪ੍ਰਮਾਤਮਾਂ (ਅਕਾਲ ਪੁਰਖ) ਪਾਸੋਂ ਵਿਛੜ ਕੇ ਟੱਕਰਾਂ ਖਾਂਦਾ; ਦੁਖ; ਤਕਲੀਫ਼; ਕਸ਼ਟ ਅਤੇ ਅਨੇਕਾਂ ਪ੍ਰਕਾਰ ਦੇ ਔਗਣ ਇਕਠੇ ਕਰਦਾ ਰਹਿੰਦਾ ਹੈ। ਇਹ ਜੀਵ ਆਤਮਾ; ਪ੍ਰਮਾਤਮਾਂ ਨਾਲੋਂ (ਮਹਾਂ ਅਨੰਦ ਅਤੇ ਪਰਮ ਸੁਖ) ਸਿਰਫ਼ ਹਉਮੈ ਦੇ ਕਾਰਨ ਵਿਛੜ ਕੇ ਇਸ ਦੁਨੀਆਂ ਵਿਚ (ਅਸ਼ਾਂਤੀ; ਗ਼ਮੀ, ਉਦਾਸੀ, ਚਿੰਤਾ) ਭਟਕਦਾ ਹੋਇਆ ਅਨੇਕਾਂ ਪ੍ਰਕਾਰ ਦੇ ਭਰਮਾਂ ਵਹਿਮਾਂ, ਪਾਖੰਡਾਂ ਵਿਚ ਪੈਂਦਾ ਹੋਇਆ ਉਸ ਅਕਾਲ ਪੁਰਖ (ਮਹਾਂ ਪਰਮ ਸੁਖ) ਨਾਲੋਂ ਹਮੇਸ਼ਾਂ ਲਈ ਵਿਛੜਿਆ ਰਹਿੰਦਾ ਹੈ। ਮਨੁਖ ਹਉਮੈ ਦੇ ਚੱਕਰ ਵਿਚ ਪੈ ਕੇ ਇਹ ਗਿਆਨ ਭੁਲ ਜਾਂਦਾ ਹੈ ਕਿ ਪ੍ਰਮ ਸੁਖ (ਪ੍ਰਭੂ) ਨੂੰ ਮੈਂ ਲਭਦਾ ਹੋਇਆ ਅਨੇਕ ਪ੍ਰਕਾਰ ਦੇ ਦੁਖ; ਉਪੱਦਰ ਤੇ ਬੀਮਾਰੀਆਂ ਭੋਗਦਾ ਹਾਂ। ਮੈਂ ਤਾਂ ਉਸ ਪ੍ਰਮ ਸੁਖ (ਪ੍ਰਮਾਤਮਾਂ) ਦੀ ਅੰਸ ਹਾਂ "ਮਨ ਤੂੰ ਜੋਤਿ ਸਰੂਪ ਹਹਿ ਅਪਣਾ ਮੂਲ ਪਛਾਨ" ਭਾਵ ਜਿਸ ਪ੍ਰਮਾਤਮਾਂ (ਪ੍ਰਮ ਸੁਖ) ਨੂੰ ਤੂੰ ਹਉਮੈ ਦੇ ਗੇੜ ਵਿਚ ਪੈਕੇ ਦੂਰ ਸਮਝਦਾ ਹੋਇਆ ਲਭ ਰਿਹਾ ਹੈਂ, ਉਹ ਤਾਂ ਅਸਲ ਵਿਚ ਤੇਰੇ ਪਾਸ ਹੀ ਹੈ ਅਤੇ ਉਸ (ਪ੍ਰਮਾਤਮਾ) ਵਿਚ ਤੇ ਤੇਰੇ (ਜੀਵ ਆਤਮਾ) ਵਿਚ ਕੋਈ ਭੀ ਫ਼ਰਕ ਨਹੀਂ ਹੈ ਜੇ ਹੈ ਤਾਂ ਸਿਰਫ਼ ਹਉਮੈ ਰੂਪੀ ਪਰਦਾ ਹੈ ਜੋ ਮਨੁਖ ਨੂੰ ਪ੍ਰਮਾਤਮਾਂ ਪਾਸੋਂ ਸਦਾ ਲਈ ਵਿਛੋੜੀ ਰਖਦਾ ਹੈ। (ਚਲਦਾ)

## ਕੀਰਤਨ ਸਮਾਗਮ ਪਰੋਗਰਾਮ ਬੁਲ੍ਹੋਵਾਲ

ਅਖੰਡ ਕੀਰਤਨੀ ਜੱਥਾ ਤਲਵਾੜਾ ਦੀ ਪ੍ਰਵਾਨਗੀ ਨਾਲ ਪਿੰਡ ਬੁਲੋਵਾਲ ਵਿਖੇ ਕੀਰਤਨ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹੋਣਗੇ, ਸੰਮੂਹ ਸੰਗਤਾਂ ਤੇ ਅਖੰਡ ਕੀਰਤਨੀ ਜਥਿਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਮਾਗਮ ਤੇ ਪੁਜ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

੧ ਮਈ ੧੯੬੯ ਵੀਰਵਾਰ ੮ ਵਜੇ ਅੰਮ੍ਰਿਤ ਵੇਲੇ ਤੋਂ ੮½ਵਜੇ ਤਕ ਆਸਾ ਜੀ ਦੀ ਵਾਰ ਦਾ ਕੀਰਤਨ ਤੇ ਉਪਰੰਤ ਭਾਈ ਮੋਹਨ ਸਿੰਘ ਜੀ ਲੋਹੇ ਵਾਲਿਆਂ ਦੇ ਗ੍ਰਹਿ ਵਿਖੇ ਸ੍ਰੀ ਅਖੰਡ ਪਾਠ ਪ੍ਰਾਰੰਭ ਹੋਵੇਗਾ।

੩ ਮਈ ਸ਼ਨੀਚਰਵਾਰ ਨੂੰ ਅਖੰਡ ਪਾਠ ਦਾ ਭੋਗ ਤੇ ੨ ਵਜੇ ਤਕ ਅਖੰਡ ਕੀਰਤਨ ਹੋਵੇਗਾ ਅਤੇ ਰਾਤ ਨੂੰ ੯ ਵਜੇ ਕੀਰਤਨ ਰੈਣ ਸਬਾਈ ਆਰੰਭ ਹੋ ਕੇ ਐਤਵਾਰ ਸਵੇਰੇ ਸਮਾਪਤੀ ਹੋਵੇਗੀ।

ਨੋਟ—ਬੁਲ੍ਹੋਵਾਲ ਹੁਸ਼ਿਆਰਪੁਰ ਤੋਂ ਟਾਂਡੇ ਵਾਲੀ ਸੜਕ ਦੇ ਦਰਮਿਆਨ ਮੋਟਰਾਂ ਦਾ ਮਸ਼ਹੂਰ ਅੱਡਾ ਹੈ।

ਪੁਛ ਗਿੱਛ ਲਈ—ਭਾਈ ਮੋਹਨ ਸਿੰਘ ਜੀ
ਲੋਹੇ ਵਾਲੇ ਬੁਲੋਵਾਲ

ਪ੍ਰਾਰਥਕ—
ਅਖੰਡ ਕੀਰਤਨੀ ਜੱਥਾ, ਬੁਲੋਵਾਲ।


www.AKJ.org

# ਸਚ ਬਿਨੁ ਭਵਜਲੁ ਜਾਇ ਨ ਤਰਿਆ

( ਵਲੋਂ— ਸ: ਜਗਜੀਤ ਸਿੰਘ ਜੀ ਲੁਧਿਆਣਾ)

ਹਰ ਇਕ ਪ੍ਰਾਨੀ ਦਾ ਸਭ ਤੋਂ ਪਹਿਲਾ ਫ਼ਰਜ਼ ਸਚ ਬੋਲਣਾ ਅਤੇ ਸਚਿਆਈ ਤੇ ਚਲਣਾ ਹੈ। ਸਚ ਦਾ ਅਰਥ ਹੈ ਸਦਾ ਥਿਰ ਰਹਿਣ ਵਾਲਾ। ਸੋ ਜੋ ਵੀ ਜਥੇਬੰਦੀ ਸਚਿਆਈ ਤੇ ਚਲੇਗੀ, ਉਸ ਦੀਆਂ ਜੜ੍ਹਾਂ ਪਤਾਲ ਵਿਚ ਹੋਣਗੀਆਂ।

ਦੂਸਰੇ ਪਾਸੇ ਝੂਠ ਸਭ ਬੁਰਾਈਆਂ (ਪਾਪਾਂ) ਅਤੇ ਦੁਖਾਂ ਦਾ ਸੋਮਾ ਹੈ। ਸੋ ਜੋ ਵੀ ਜਥੇਬੰਦੀ ਝੂਠ ਦਾ ਆਸਰਾ ਲਵੇਗੀ, ਉਹ ਅਜ ਵੀ ਗਈ ਅਤੇ ਕਲ ਵੀ, ਅਰਥਾਤ ਛੇਤੀ ਖਤਮ ਹੋ ਜਾਏਗੀ।

ਖਿਨ ਮਹਿ ਝੂਠੁ ਸਭੁ ਬਿਨਸਿ ਜਾਇ
ਜਿਉ ਟਿਕੈ ਨ ਬਿਰਖ ਕੀ ਛਾਇ ॥
(ਵਾਰ ਸੂਹੀ ਸਲੋਕ ਮ: ੩)

ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਝੂਠ ਦੇ ਸਖਤ ਵਿਰੁਧ ਸਨ।

ਕੂੜੁ ਬੋਲਿ ਮੁਰਦਾਰੁ ਖਾਇ।
(ਵਾਰ ਮਾਝ ਮ: ੧)

ਕੂੜੀ ਰਾਸਿ ਕੂੜਾ ਵਾਪਾਰੁ।
ਕੂੜੁ ਬੋਲਿ ਕਰਹਿ ਆਹਾਰੁ।
ਸਰਮ ਧਰਮ ਕਾ ਡੇਰਾ ਦੂਰ।
ਨਾਨਕ ਕੂੜੁ ਰਹਿਆ ਭਰਪੂਰਿ।
(ਆਸਾ ਦੀ ਵਾਰ ਮ: ੧)

ਸਰਮ ਧਰਮ ਦੁਇ ਛਪ ਖਲੋਏ
ਕੂੜੁ ਫਿਰੈ ਪਰਧਾਨੁ ਵੇ ਲਾਲੋ।
(ਤਿਲੰਗ ਮ: ੧)

ਜਿਥੇ ਵੀ ਸਚ ਦਾ ਬੋਲ ਬਾਲਾ ਹੋਵੇਗਾ ਉਥੇ ਧਰਮ ਦਾ ਰਾਜ ਹੋਵੇਗਾ ਲੜਾਈ ਝਗੜੇ ਬਹੁਤ ਹੀ ਘਟ ਹੋਣਗੇ। ਲੋਕ ਅਦਾਲਤਾਂ ਵਿਚ ਖਜਲ ਖਰਾਬ ਹੋਣ ਤੋਂ ਬਚੇ ਰਹਿਣਗੇ ਅਤੇ ਸੁਖੀ ਵਸਣਗੇ।

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ।
(ਆਸਾ ਦੀ ਵਾਰ ਮ: ੧)

ਸਚਹੁ ਉਰੈ ਸਭ ਕੋ ਉਪਰਿ ਸਚੁ ਆਚਾਰ।
(ਸ੍ਰੀ ਰਾਗ ਮ: ੧)

## ਕਿਰਤ ਵਿਰਤ ਕਰ ਧਰਮ ਦੀ

ਹਰ ਇਕ ਜੀਵ ਲਈ ਇਹ ਜ਼ਰੂਰੀ ਹੈ ਕਿ ਉਹ ਵਿਹਲਾ ਰਹਿ ਕੇ ਦੇਸ਼ ਅਤੇ ਕੌਮ ਲਈ ਭਾਰ ਨਾ ਬਣੇ; ਬਲਕਿ ਦਸਾਂ ਨੌਹਾਂ ਦੀ ਧਰਮ ਦੀ ਕਿਰਤ ਕਰਕੇ ਆਪਣਾ ਨਿਰਬਾਹ ਕਰੇ। ਅਰਥਾਤ ਵੱਢੀ (ਰਿਸ਼ਵਤ) ਨਾ ਲਵੇ, ਛਲ ਕਪਟ ਕਰਕੇ ਰੋਜ਼ੀ ਨਾ ਕਮਾਏ, ਚੋਰੀ ਨਾ ਕਰੇ, ਡਾਕੇ ਨਾ ਮਾਰੇ। ਚੋਰ ਬਜ਼ਾਰੀ ਨਾ ਕਰੇ, ਮਿਲਾਵਟ ਨਾ ਕਰੇ। ਸਮਗਲਿੰਗ ਨਾ ਕਰੇ, ਜ਼ੋਰ ਜ਼ੁਲਮ ਕਰਕੇ ਨਾ ਕਮਾਏ ਇਤਆਦਿ।

ਵਢੀ ਲੈ ਕੇ ਹਕੁ ਗਵਾਏ।
(ਰਾਮਕਲੀ ਕੀ ਵਾਰ, ਸਲੋਕ ਮ: ੧)

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।
ਗੁਰੂ ਪੀਰ ਹਾਮਾ ਤਾਂ ਭਰੇ ਜਾ ਮੁਰਦਾਰੁ ਨਾ ਖਾਇ।
(ਵਾਰ ਮਾਝ ਮ: ੧)


www.AKJ.Org

ਤੂੰ ਵਲਵੰਚ ਲੂਕਿ ਸਭ ਕਰਹਿ ਜਾਣੈ ਜਾਣੀ ਰਾਮ।
ਲੇਖਾ ਧਰਮ ਭਇਆ ਤਿਲ ਪੀੜੇ ਘਾਣੀ ਰਾਮ!
(ਬਿਹਾਗੜਾ ਮ: ੫, ਛੰਤ)
ਵਲਵੰਚ ਕਰਿ ਉਦਰੁ ਭਰਹਿ ਮੂਰਖ ਗਾਵਾਰਾ।
ਸਭ ਕਿਛੁ ਦੇ ਰਹਿਆ ਹਰਿ ਦੇਵਣਹਾਰਾ।
(ਆਸਾ ਮ: ੫)

## ਸੇਵਾ ਕਰਤ ਹੋਇ ਨਿਹਕਾਮੀ

ਹਰ ਇਨਸਾਨ ਨਿਸ਼ਕਾਮ ਸੇਵਾ ਕਰੇ ਅਰਥਾਤ ਬਗੈਰ ਕਿਸੇ ਸਵਾਰਥ ਦੇ ਸੇਵ ਕਰੇ, ਅਤੇ ਕਰਕੇ ਉਸ ਦੇ ਫਲ ਦੀ ਯਾਚਣਾ ਨਾ ਕਰੇ, ਸੇਵਾ ਕਰਦਿਆਂ ਨਾ ਤੇ ਢੰਡੋਰਾ ਪਿਟੇ ਅਤੇ ਨਾ ਹੀ ਫ਼ੋਟੋ ਖਿਚਵਾਵੇ ਅਰਥਾਤ ਗੁਪਤ ਸੇਵਾ ਕਰੇ।

ਕਰਮ ਕਰਤ ਹੋਵੈ ਨਹ ਕਰਮ।
ਤਿਸ ਬੈਸਨੋ ਕਾ ਨਿਰਮਲ ਧਰਮ।
ਕਾਹੂ ਫਲ ਕੀ ਇਛਾ ਨਹੀ ਬਾਛੈ।
ਕੇਵਲ ਭਗਤਿ ਕੀਰਤਨ ਸੰਗਿ ਰਾਚੈ।
(ਗਉੜੀ ਸੁਖਮਨੀ ਮ: ੫)

ਸੇਵਾ ਤਿੰਨ ਪ੍ਰਕਾਰ ਦੀ ਹੁੰਦੀ ਹੈ:—
(੧) ਤਨ ਦੀ ਸੇਵਾ (੨) ਮਨ ਦੀ ਸੇਵਾ (੩) ਧਨ ਦੀ ਸੇਵਾ।

੧. ਤਨ ਦੀ ਸੇਵਾ ਦਾ ਮਤਲਬ ਸਰੀਰ ਦਵਾਰਾ ਹਥਾਂ ਨਾਲ ਸੇਵਾ ਕਰਨੀ ਅਰਥਾਤ ਸ਼ੁਭ ਕਰਮ ਕਰਨੇ।

੨. ਮਨ ਦੀ ਸੇਵਾ ਦਾ ਮਤਲਬ ਮਨ ਰਾਹੀਂ ਸਰਬੱਤ ਦਾ ਭਲਾ ਲੋਚਣਾ, ਕਿਸੇ ਪ੍ਰਤੀ ਬੁਰਾ ਭਾਵ ਮਨ ਅੰਦਰ ਨਾ ਲਿਆਉਣਾ। ਮੰਦੇ ਅਤੇ ਫਿਕੇ ਬਚਨ ਨਾ ਬੋਲਣੇ ਬਲਕਿ ਸ਼ੁਭ ਬਚਨ ਬੋਲਣੇ ਚੰਗੇ ਕਰਮ ਕਰਨ ਵਾਲਿਆਂ ਦਾ ਹੌਂਸਲਾ ਵਧਾਣਾ ਅਤੇ ਉਤਸ਼ਾਹ ਦੇਣਾ, ਬੁਰੇ ਕਰਮ ਕਰਨ ਵਾਲਿਆਂ ਨੂੰ ਹੋੜਨਾ ਇਤਆਦਿ।

੩. ਧਨ ਦੀ ਸੇਵਾ ਦਾ ਮਤਲਬ ਧਨ ਰਾਹੀਂ ਗਰੀਬਾਂ ਅਨਾਥਾਂ ਅਤੇ ਲੋੜਵੰਦਾਂ ਦੀ ਸਹਾਇਤਾ ਕਰਨੀ। ਗੁਰੂ ਸਾਹਿਬ ਦਾ ਹੁਕਮ ਹੈ ਕਿ ਗੁਰਸਿਖ ਆਪਣੀ ਕਮਾਈ ਦਾ ਦਸਵੰਧ (ਦਸਵਾਂ ਹਿਸਾ) ਕੱਢ ਕੇ ਰਬ ਦੇ ਲੇਖੇ ਲਾਵੇ।

ਦਸ ਵਸਤੂ ਲੇ ਪਾਛੈ ਪਾਵੈ।
ਏਕ ਬਸਤ ਕਾਰਿਨ ਬਿਖੋਟ ਗਵਾਵੈ।
ਏਕ ਭੀ ਨ ਦੇਇ ਦਸ ਭੀ ਹਿਰਿ ਲੇਇ।
ਤਉ ਮੂੜਾ ਕਹੁ ਕਹਾ ਕਰੇਇ।
(ਗਉੜੀ ਸੁਖਮਨੀ ਮ: ੫)

ਘਾਲਿ ਖਾਇ ਕਿਛੁ ਹਥਹੁ ਦੇਇ।
ਨਾਨਕ ਰਾਹੁ ਪਛਾਣਹਿ ਸੇਇ।
(ਸਾਰੰਗ ਮ: ੧)

ਸਹਾਇਤਾ ਕਰਨ ਲਗਿਆਂ ਕਿਸੇ ਕਿਸਮ ਦਾ ਵਿਤਕਰਾ ਨਾ ਕਰੇ। ਭਾਈ ਕਨਈਆ ਦੀ ਤਰ੍ਹਾਂ ਸਭ ਦੀ ਸੇਵਾ ਕਰੋ ਅਤੇ ਮਹਾਰਾਜਾ ਰਣਜੀਤ ਸਿੰਘ ਵਾਂਗ ਸਭ ਜਾਤੀਆਂ ਨਾਲ ਪਿਆਰ ਕਰੇ।

ਹਸਤੀ ਸਿਰਿ ਜਿਉ ਅੰਕਸੁ ਹੈ
ਅਹਿਰਣਿ ਜਿਉ ਸਿਰੁ ਦੇਇ।
ਮਨ ਤਨੁ ਆਗੈ ਰਾਖ ਕੈ ਊਭੀ ਸੇਵ ਕਰੇਇ।
ਇਉ ਗੁਰਮੁਖਿ ਆਪੁ ਨਿਵਾਰੀਐ
ਸਭੁ ਰਾਜੁ ਸ੍ਰਿਸਟਿ ਕਾ ਲੇਇ।
(ਵਾਰ ਸੋਰਠ, ਸਲੋਕ ਮ: ੩)

## ਮਿਲਦਿਆਂ ਢਿਲ ਨ ਹੋਵਈ ਜੇ ਨੀਅਤ ਰਾਸਿ ਕਰੇ

ਹਰ ਇਕ ਪ੍ਰਾਨਧਾਰੀ ਲਈ ਇਹ ਜ਼ਰੂਰੀ ਹੈ, ਕਿ ਉਹ ਨਿਰਛਲ ਅਤੇ ਨਿਸ਼ਕਪਟ ਹੋਵੇ। ਇਹ ਨਾ ਹੋਵੇ, ਕਿ ਦਿਲ ਵਿਚ ਕੁਛ ਹੋਰ ਹੋਵੇ ਅਤੇ ਵਿਖਾਲਾ ਕੁਛ ਹੋਰ ਕਰੇ, ਜਿਸ ਤਰ੍ਹਾਂ ਕਿ ਹਾਥੀ ਦੇ ਦੰਦ ਖਾਣ ਵਾਲੇ ਹੋਰ ਹੁੰਦੇ ਹਨ ਅਤੇ ਵਿਖਾਣ ਵਾਲੇ ਹੋਰ।

ਰਹਤ ਅਵਰ ਕਛੁ ਅਵਰ ਕਮਾਵਤ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥
(ਗਉੜੀ ਸੁਖਮਨੀ ਮ: ੫)


www.AKJ.Org

ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਢੇ ਕਚਿਆ ॥
(ਆਸਾ ਸੇਖ ਫ਼ਰੀਦ ਜੀ)

ਕਹਿੰਦੇ ਹਨ, ਨੀਅਤ ਸਾਫ਼, ਸਭ ਕੰਮ ਰਾਸ। ਨੀਅਤ ਤੋਂ ਮੁਰਾਦ ਮਿਲਦੀ ਹੈ, ਜੇਹੋ ਜਿਹੀ ਨੀਅਤ ਹੋਵੇ ਉਹੋ ਜਿਹਾ ਫਲ ਮਿਲ ਜਾਂਦਾ ਹੈ। ਨੀਅਤ ਸਾਫ ਹੋਣ ਨਾਲ ਸਭ ਲੋਕ ਇਕ ਦੂਜੇ ਤੇ ਵਿਸ਼ਵਾਸ਼ ਕਰਨਗੇ ਅਤੇ ਕੰਮ ਬਗੈਰ ਕਿਸੇ ਰੋਕ ਟੋਕ ਤੇ ਡਰ ਤੋਂ ਹੋਣਗੇ ਜਿਸ ਕਰਕੇ ਦੇਸ਼ ਦਿਨ ਦੂਣੀ ਰਾਤ ਚੌਗਨੀ ਉੱਨਤੀ ਕਰੇਗਾ।

ਨਾਨਕ ਘਰ ਹੀ ਬੈਠਿਆ ਸਹੁ ਮਿਲੈ
ਜੇ ਨੀਅਤਿ ਰਾਸਿ ਕਰੇ ॥ (ਮ: ੩)
ਹਮੂ ਮਰਦ ਬਾਯਦ ਸ਼ਵਦ ਸੁਖਨਵਰ।
ਨ ਸ਼ਿਕਮਿ ਦਿਗਰ ਦਰ ਦਹਾਨਿ ਦਿਗਰ।

## ਹਰ ਬਿਸਰਤ ਸਦਾ ਖੁਆਰੀ

ਹਰ ਇਕ ਜੀਵ ਲਈ ਸਿਮਰਨ ਅਭਿਆਸੀ ਹੋਣਾ ਬਹੁਤ ਹੀ ਜ਼ਰੂਰੀ ਹੈ, ਕਿਉਂਕਿ ਜੋ ਸਿਮਰਨ ਅਭਿਆਸ ਨਹੀਂ ਕਰਦੇ, ਉਨ੍ਹਾਂ ਮਨੁਖ ਦੀ ਸ਼ਕਲ ਭਾਵੇਂ ਇਨਸਾਨਾਂ ਵਰਗੀ ਹੁੰਦੀ ਹੈ, ਪ੍ਰੰਤੂ ਉਹਨਾਂ ਦੀਆਂ ਆਦਤਾਂ ਹੈਵਾਨਾਂ ਵਰਗੀਆਂ ਹੁੰਦੀਆਂ ਹਨ।

ਕਰਤੂਤਿ ਪਸੂ ਕੀ ਮਾਨਸ ਜਾਤਿ।
ਲੋਕ ਪਚਾਰਾ ਕਰੇ ਦਿਨ ਰਾਤਿ।

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੇ ਨਾਹਿ ਮਨੁ।
ਜੈਸੇ ਸੂਕਰੁ ਸੁਆਨ ਨਾਨਕ ਮਾਨੋ ਤਾਹਿ ਤਨ।
(ਸਲੋਕ ਮ: ੯)

ਨਾਮ ਬਿਨਾ ਜੋ ਪਹਿਰੈ ਖਾਇ।
ਜਿਉ ਕੂਕਰ ਜੂਠਨ ਮਹਿ ਪਾਇ
ਚਿਟੇ ਜਿਨਕੇ ਕਪੜੇ ਮੈਲੇ ਚਿਤ ਕਠੋਰ ਜੀਉ।
ਤਿਨ ਮੁਖਿ ਨਾਮੁ ਨ ਉਪਜੈ
ਦੂਜੈ ਵਿਆਪੇ ਚਰ ਜੀਉ।
ਮੂਲ ਨ ਬੂਝਹਿ ਅਪਣਾ ਸੇ ਪਸੂਆ ਸੇ ਢੋਰ ਜੀਉ

ਇਸ ਦੁਨੀਆਂ ਨੂੰ ਜੋ ਨਰਕ ਦਾ ਨਮੂਨਾ ਬਣਾਇਆ ਹੈ; ਇਹ ਸਭ ਅਜੇਹੇ ਇਨਸਾਨ ਨੁਮਾ ਹੈਵਾਨਾਂ ਦੀ ਕ੍ਰਿਪਾ ਹੈ।

ਨਾਮ ਬਿਨਾ ਜਗੁ ਰੋਗਿ ਬਿਆਪਿਆ
ਦੁਬਿਧਾ ਡੁਬਿ ਡੁਬਿ ਮਰੀਐ। (ਰਾਗ ਭੈਰਉ ਮ: ੧)
ਬਿਨੁ ਸਿਮਰਨੁ ਜੋ ਜੀਵਨੁ ਬਲਨਾ
ਸਰਪ ਜੈਸੇ ਅਰਜਾਰੀ। (ਟੋਡੀ ਮ: ੫)
ਨਾਮ ਬਿਸਾਰਿ ਕਰੇ ਰਸ ਭੋਗ।
ਸੁਖ ਸੁਪਨੈ ਨਹੀ ਤਨ ਮਹਿ ਰੋਗ (ਗਉੜੀ ਮ ੫)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਉਧਾਰ ਲਈ ਸਾਰੀ ਦੁਨੀਆਂ ਦਾ ਪੈਦਲ ਚਕਰ ਲਗਾਇਆ ਅਤੇ ਥਾਂ ਥਾਂ ਤੇ ਲੋਕਾਂ ਨੂੰ ਇਉਂ ਉਪਦੇਸ਼ ਕਰਦੇ ਰਹੇ।

## ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ

ਸੋ ਆਓ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਦਿਵਸ ਦੇ ਸ਼ੁਭ ਅਵਸਰ ਤੇ ਗੁਰੂ ਸਿਖਸ਼ਾ ਨੂੰ ਪ੍ਰਯੋਗ ਵਿਚ ਲਿਆਉਂਦੇ ਹੋਏ ਕੇਵਲ ਪੰਜਾਬ ਅਤੇ ਭਾਰਤ ਹੀ ਨਹੀਂ, ਬਲਕਿ ਸਾਰੀ ਦੁਨੀਆਂ ਨੂੰ ਆਪਣਾ ਹੋਮ ਲੈਂਡ ਬਨਾਈਏ ਅਤੇ ਸੁਖੀ ਜੀਵਨ ਬਤੀਤ ਕਰੀਏ।

## ਨਾਰੰਗਵਾਲ ਤੇ ਗੁਜਰਵਾਲ ਦੀ ਢਾਬ ਤੇ ਕੀਰਤਨ ਸਮਾਗਮ

ਗੁਰਸੰਗਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 15 ਅਪਰੈਲ ਤੋਂ 18 ਅਪਰੈਲ ਤਕ ਪਿੰਡ ਨਾਰੰਗਵਾਲ ਤੇ ਗੁਜਰਵਾਲ ਦੀ ਢਾਬ ਤੇ ਕੀਰਤਨ ਸਮਾਗਮ ਹੋਣਗੇ ਸੰਗਤਾਂ ਦਰਸ਼ਨ ਬਖਸ਼ਣ। ਇਹ ਸਮਾਗਮ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦ ਹਿਤ ਮਨਾਇਆ ਜਾਵੇਗਾ।

ਪ੍ਰੋਗ੍ਰਾਮ:—15 ਅਪਰੈਲ ਨੂੰ ਅਰੰਭ ਸ੍ਰੀ ਅਖੰਡ ਪਾਠ ਢਾਬ ਤੇ, 17 ਨੂੰ ਭੋਗ ਸ੍ਰੀ ਅਖੰਡ ਪਾਠ ਤੇ ਕੀਰਤਨ ਆਸਾ ਜੀ ਦੀ ਵਾਰ, ਸ਼ਾਮ ਨੂੰ ਕੀਰਤਨ ਰੈਣ ਸਬਾਈ ਹੋਵੇਗਾ। ਸੰਗਤਾਂ ਦਾ ਦਾਸ—

ਪ੍ਰੀਤਮ ਸਿੰਘ ਗੁਰਦਵਾਰਾ ਅਕਾਲੀ ਵਾਲਾ ਨਾਰੰਗਵਾਲ।


www.AKJ.Org

# ਧੰਨ ਗੁਰ ਨਾਨਕ

ਲੇਖਕ ਨੂੰ ਪੰਥਕ ਪਨੀਰੀ ਵਲੋਂ ਪੱਤਰ ਪੁਜੇ ਹਨ ਤੇ 'ਸੂਰਾ' ਪਟਿਆਲਾ ਰਾਹੀਂ ਸੰਗੀਤ ਦੀ ਸੇਵਾ ਲਈ ਮੰਗ ਹੋਈ ਹੈ। ਸ਼ੁਕਰ ਦਾਤਾਰ! ਇਕ ਮੰਗ ਮੇਰੀ ਭੀ ਹੈ, ਪੂਰੀ ਕਰੋ। ਜਥੇਬੰਦ ਹੋ ਕੇ ਘਰ ਘਰ ਪਰਚਾਰ ਕਰੋ **'ਸਾਬਤ ਸੂਰਤ ਦਸਤਾਰ ਸਿਰਾ'** ਆਪ ਸਾਬਤ ਸੂਰਤ ਰਹਾਂਗੇ ਤੇ ਜਿਥੇ ਤਕ ਹੋ ਸਕਿਆ ਘਰ ਘਰ ਪਰਚਾਰ ਕਰਕੇ ਗੁਰੂ ਦੀਆਂ ਖੁਸ਼ੀਆਂ ਪਰਾਪਤ ਕਰਾਂਗੇ। ਬੋਲੇ ਸੋ ਨਿਹਾਲ 'ਸਤਿ ਸ੍ਰੀ ਅਕਾਲ'।

ਵਿਦਿਆਰਥੀ ਜੋ ਇਸ ਪਰਚਾਰ ਦਾ ਕੰਮ ਕਰਨ ਆਪਣਾ ਪਤਾ 'ਸੂਰਾ' ਪਟਿਆਲਾ ਨੂੰ ਸਹਿਤ ਨਾਮ ਪਿਤਾ ਲਿਖ ਘਲਨ ਉਹਨਾਂ ਦੇ ਨਾਮ ਛਾਪਣ ਲਈ 'ਸੂਰਾ' ਨੂੰ ਸਫਾਰਸ਼ ਕੀਤੀ ਜਾਸੀ।

ਜਿਥੇ ਪੰਜੀ ਵਿਦਿਆਰਥੀ ਜਾਂ ਵਧ ਜਥੇਬੰਦ ਹੋ ਜਾਨ ਉਹ ਆਪਣੇ ਜਥੇ ਦਾ ਫੋਟੋ ਭੇਜਨ ਜੋ 'ਸੂਰਾ' ਵਿਚ ਪਰਕਾਸ਼ਤ ਕਰਨ ਲਈ ਸਫਾਰਸ਼ ਕੀਤੀ ਜਾਵੇਗੀ। ਨਿਤਰੋ ਅਜ ਦੇ ਬਾਲਕੋ ਤੇ ਕਲ੍ਹ ਨੂੰ ਕੌਮ ਦੇ ਮਾਣ ਯੋਗ ਆਗੂਓ। ਉਠੋ ਤੁਸੀਂ ਸੁਚੇ ਪਰਚਾਰਕ ਹੋ। ਗੁਰੂ ਸਹਾਈ। 'ਸੂਰਾ' ਦੇ ਸੁਚੇ ਕਰਮਚਾਰੀ ਆਪ ਦੀ ਪਿਠ ਤੇ ਹਨ। ਰੋਜ ਗਾਓ:—'ਰਹਿਣੀ ਰਹੇ ਸੋਈ ਸਿਖ ਮੇਰਾ, ਓਹ ਸਾਹਿਬ ਮੈ ਉਸ ਕਾ ਚੇਰਾ' ਧੰਨ ਕਲਗੀ ਵਾਲਾ।

**ਦਾਸ—ਨਿਹਾਲ ਸਿੰਘ, ਸੰਗੀਤ ਸੈਂਟਰਸ ਲੋ: ਕ: ਚੀ: ਖ: ਦੀਵਾਨ, ਬੰਬਈ**
**ਕੈਂਪ 1539/3 ਰਾਘੋ ਮਾਜਰਾ ਪਟਿਆਲਾ।**

## ਰਾਗੁ ਭੈਰਵੀ (ਤ੍ਰੈਤਾਲ)

'ਰੇ̱' 'ਗ̱' 'ਧਾ̱' 'ਨੀ̱' ਕੋਮਲ।

ਅਸਥਾਈ:—(੧) ਸਾ ਰੇ̱ ਗ̱ S ਮ ਪ ਮ S ਗ̱ ਰੇ̱ ਗ̱ S ਰੇ̱ ਰੇ̱ ਸਾ S (ਦੋ ਵਾਰ ਗਾਉ)

ਇ ਨ ਹੀ · ਕੀ ਕ੍ਰਿ ਪਾ · ਕੇ ਸ ਜੇ · ਹ ਮ ਹੈ ·
(੨) ਪ S ਪ S ਪ ਪ ਧ̱ ਪ ਮ ਗ̱ ਪ ਮ ਗ̱ ਰੇ̱ ਸਾ S (ਇਕ ਵਾਰ ਗਾਉ)

ਨਹੀਂ · ਮੋ · ਸੇ ਗ ਰੀ · ਬ ਕ ਰੇ · ਰ ਪ ਰੇ ·
ਅਗੇ ਫਿਰ ਨੰ (੧) ਦੋ ਵਾਰ ਗਾ ਕੇ ਅੰਤਰਾ ਚੁਕੋ ਜੀ।

ਅੰਤਰਾ:—(੩) ਸਾਂ S ਸਾਂ ਸਾਂ ਸਾਂ S ਨੀ̱ ਧ̱ ਨੀ̱ S ਧ̱ ਧ̱ ਪ S S S

ਜੁ · ਧ ਜਿ ਤੇ · ਇ ਨ ਹੀ · ਕੇ ਪ੍ਰ ਸਾ · · ਦ
(੪) ਪ ਪ ਪ ਧ̱ S ਪ ਮ ਪ ਮ ਗ̱ ਪ ਮ ਗ̱ ਰੇ̱ ਸਾ S

ਇ ਨ ਹੀ ਕੇ · ਪ੍ਰ · ਸਾ · ਦਿਸੁ ਦਾ · ਨ ਕ ਰੇ ·
ਹੁਣ ਨੰ: (੩) ਤੇ (੪) ਨੂੰ ਦੋ ਦੋ ਵਾਰ ਗਾ ਕੇ ਫਿਰ ਦੋ ਵਾਰ ਨੰ: (੧) ਨੂੰ ਤੇ ਇਕ ਵਾਰ ਨੰ: (੨) ਫਿਰ ਨੰ: (੧) ਦੋ ਵਾਰ ਗਾਉ।

ਬਾਕੀ ਅੰਤਰੇ:—ਅਘ ਅਉਘ ਟਰੇ ਇਨਹੀ ਕੇ ਪ੍ਰਸਾਦਿ ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ ॥
ਅੰਤਰੇ ਤੇ ਗਾਉ:—ਇਨਹੀ ਕੇ ਪ੍ਰਸਾਦਿ ਸੁ ਬਿਦਿਆ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥


www.AKJ.Org

## ਡੀਟਰ ਦੀ ਡਾਕ—

# ਕਲਿਜੁਗ ਮਹਿ ਕੀਰਤਨ ਪ੍ਰਧਾਨਾ

ਏਸੇ ਰੱਬੀ ਕੀਰਤਨ ਰਾਹੀਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਦਾ ਉਧਾਰ ਕੀਤਾ ਤੇ ਸੇ ਹੀ ਰੱਬੀ ਕੀਰਤਨ ਰਾਹੀਂ ਰਹਿੰਦੀ ਦੁਨੀਆਂ ਤਕ ਮਨੁਖਤਾ ਦਾ ਉਧਾਰ ਹੋਣਾ ਹੈ। ਇਸ ਲਈ ਇਸ ਹਾਨ ਉਤਸ਼ਵ ਨੂੰ ਮਨਾਣ ਦਾ ਸਹੀ ਢੰਗ ਦਾਸ ਦੀ ਤੁਛ ਬੁਧੀ ਅਨੁਸਾਰ ਗੁਰਬਾਣੀ ਕੀਰਤਨ ਦਾ ਵਧ ਤੋਂ ਧ ਪ੍ਰਚਾਰ ਹੋਵੇ ਤੇ ਘਰ ਘਰ ਇਸ ਕੀਰਤਨ ਦੀਆਂ ਗੂੰਜਾਂ ਪੈਣ।

ਅਜ ਦੇ ਸਾਇੰਸੀ ਜੁਗ ਵਿਚ ਸਾਨੂੰ ਨਵੀਨ ਕਾਢਾਂ ਨੂੰ ਵਧ ਤੋਂ ਵਧ ਇਸ ਮੰਤਵ ਲਈ ਵਰਤਣਾ ਹੀ ਯੋਗ ਹੋਵੇਗਾ। ਬਹੁਤ ਸਾਰੇ ਘਰਾਂ ਵਿਚ ਟੇਪ ਰੀਕਾਰਡ ਮਸ਼ੀਨਾਂ ਹਨ ਜਾਂ ਜੋ ਸਜਨ ਐਸੀ ਮਸ਼ੀਨ ਖਰੀਦ ਸਕਦੇ ਹੋਣ ਉਹਨਾਂ ਨੂੰ ਉਤਸ਼ਾਹ ਦੇ ਕੇ ਖ਼ਰੀਦਣ ਲਈ ਪ੍ਰੇਰਿਆ ਜਾ ਸਕਦਾ ਹੈ. ਅਖੰਡ ਕੀਰਤਨ ਸਮਾਗਮਾਂ ਦੇ ਕੀਰਤਨ ਜੋ ਸਰੋਤਿਆਂ ਨੂੰ ਕਿਸੇ ਇਲਾਹੀ ਮਸਤੀ ਵਿਚ ਲੈ ਜਾਂਦੇ ਹਨ, ਰੀਕਾਰਡ ਕਰਕੇ ਘਰ ਘਰ ਵਿਚ ਰੀਲਾਂ ਪੁਚਾਉਣੀਆਂ ਚਾਹੀਦੀਆਂ ਹਨ। ਕਈ ਵੀਰਾਂ ਨੇ ਅਗੇ ਹੀ ਐਸੀਆਂ ਰੀਲਾਂ ਰੀਕਾਰਡ ਕਰ ਕੇ ਰਖੀਆਂ ਹੋਈਆਂ ਹਨ। ਉਹਨਾਂ ਦੀ ਸਹਾਇਤਾ ਨਾਲ ਹੋਰ ਰੀਲਾਂ ਭਰੀਆਂ ਜਾ ਸਕਦੀਆਂ ਹਨ। ਜੇ ਕਰ ਕੋਈ ਵੀਰ ਇਹ ਸੇਵਾ ਲਵੇ ਤਾਂ ਜਿਨ੍ਹਾਂ ਵੀਰਾਂ ਕੋਲ ਰੀਕਾਰਡ ਕੀਤੀਆਂ ਹੋਈਆਂ ਰੀਲਾਂ ਹਨ ਉਹ ਉਸ ਵੀਰ ਕੋਲ ਪੁਚਾ ਦੇਣ। ਉਹ ਵੀਰ ਜੀ ਉਹਨਾਂ ਤੋਂ ਹੋਰ ਰੀਲਾਂ ਰੀਕਾਰਡ ਕਰਕੇ ਹੋਰਨਾਂ ਵੀਰਾਂ ਨੂੰ ਦੇ ਸਕਦੇ ਹਨ। ਇਸ ਤਰ੍ਹਾਂ ਘਰ ਘਰ ਵਿਚ ਟੇਪ ਰੀਕਾਰਡ ਰਾਹੀਂ ਕੀਰਤਨ ਸੁਨਣ ਦਾ ਅਵਸਰ ਬਣਿਆ ਰਹੇਗਾ। ਬਚੇ ਰੇਡੀਓ ਤੋਂ ਫ਼ਿਲਮੀ ਗੀਤ ਸੁਨਣ ਦੀ ਥਾਂ ਗੁਰਬਾਣੀ ਸੁਨਣਗੇ। ਸੋ ਇਸ ਤਜਵੀਜ਼ ਦੇ ਦੋ ਭਾਗ ਹਨ—

(੧) ਜੋ ਸਜਨ ਟੇਪ ਰੀਕਾਰਡ ਮਸ਼ੀਨ ਖ਼ਰੀਦ ਸਕਦ ਹੋਣ ਉਹ ਇਹਨਾਂ ਨੂੰ ਜ਼ਰੂਰ ਖ਼ਰੀਦਣ ਤਾਕਿ ਉਹਨਾਂ ਦੇ ਪ੍ਰਵਾਰ ਦੇ ਜੋ ਮੈਂਬਰ ਸਮਾਗਮਾਂ ਤੇ ਨਹੀਂ ਪੁਜ ਸਕਦੇ ਉਹ ਵੀ ਕੀਰਤਨ ਲਾਹੇ ਲੈ ਸਕਣ ਤੇ ਨਾਲੇ ਰੋਜ਼ ਘਰ ਵਿਚ ਕੀਰਤਨ ਸੁਣਾ ਕੇ ਬਚਿਆਂ ਦੀ ਰੁਚੀ ਇਸ ਮਹਾਨ ਪਵਿੱਤ੍ਰ ਗੁਰਬਾਣੀ ਵਲ ਖਿਚ ਸਕਣ।

(੨) ਕੋਈ ਵੀਰ ਇਹ ਸੇਵਾ ਲਵੇ ਕਿ ਉਹ ਹੁਣ ਤਕ ਹੋ ਚੁਕੇ ਕੀਰਤਨਾਂ ਦੀਆਂ ਭਰੀਆਂ ਹੋਈਆਂ ਰੀਲਾਂ ਤੋਂ ਨਵੀਆਂ ਰੀਲਾਂ ਭਰਨ ਦੀ ਸਵਾ ਕਰ। ਭਾਈ ਸਾਹਿਬ ਭਾ: ਜੀਵਨ ਸਿੰਘ ਜੀ ਲੁਧਿਆਣੇ ਵਾਲਿਆਂ ਨੇ ਇਸ ਸਬੰਧੀ ਬਹੁਤ ਉਤਸ਼ਾਹ ਪ੍ਰਗਟ ਕੀਤਾ ਸੀ। ਦਰਅਸਲ ਉਹਨਾਂ ਦੀ ਪ੍ਰੇਰਨਾ ਸਦਕਾ ਹੀ ਦਾਸ ਇਹ ਪਤਰ ਲਿਖ ਰਿਹਾ ਹੈ।

(੩) ਜਿਨ੍ਹਾਂ ਪਾਸ ਭਰੀਆਂ ਹੋਈਆਂ ਰੀਲਾਂ ਹੋਣ ਉਹ ਕੁਝ ਸਮੇਂ ਲਈ ਆਪਣੀਆਂ ਰੀਲਾਂ ਭਾਈ ਜੀਵਨ ਸਿੰਘ ਜੀ ਜਾਂ ਹੋਰ ਜੋ ਵੀਰ ਐਸੀ ਸੇਵਾ ਲਈ ਪੇਸ਼ ਕਰੇ, ਉਹਨਾਂ ਨੂੰ ਉਧਾਰ ਦੇ ਦੇਣ ਤਾਕਿ ਉਹਨਾਂ ਤੋਂ ਹੋਰ ਰੀਲਾਂ ਭਰੀਆਂ ਜਾਣ। ਇਸ ਤਰ੍ਹਾਂ ਜਿਨ੍ਹਾਂ ਸਜਨਾਂ ਨੇ ਭਰੀਆਂ ਹੋਈਆਂ ਰੀਲਾਂ ਲੈਣੀਆਂ ਹੋਣ ਉਹ ਲਾਗਤ ਖਰਚੇ ਤੇ ਰੀਲਾਂ ਲੈ ਸਕਣਗੇ ਤੇ ਕੀਰਤਨ ਲਹਿਰ ਵਿਚ ਵਾਧਾ ਹੋ ਕੇ ਗੁਰਬਾਣੀ ਤੇ ਗੁਰੂ ਨਾਨਕ ਮਿਸ਼ਨ ਦਾ ਪ੍ਰਚਾਰ ਹੋਵੇਗਾ। ਇਸ ਸਬਧੀ ਪਾਠਕ ਜਨ ਕੋਈ ਹੋਰ ਸੁਝਾਅ ਦੇਣ ਦੀ ਖੇਚਲ ਕਰਨ ਤਾ ਦਾਸ ਧੰਨਵਾਦੀ ਹੋਵੇਗਾ।

ਦਾਸ—ਮਨਮੋਹਨ ਸਿੰਘ ਪਟਨਾ


www.AKJ.org

# ਧੰਨ ਸਿੰਘੋ ਤੁਹਾਡਾ ਪਿਆਰਾ ਓਮਾਰਾ

ਦਾਸਾਂ ਨੂੰ ਆਲ ਇੰਡੀਆ ਟੂਰ ਸਮੇਂ ਭਾਰਤ ਦੇ ਵੱਖ ੨ ਸ਼ਹਿਰਾਂ ਵਿਚ ਜਾਣ ਦਾ ਅਵਸਰ ਪ੍ਰਾਪਤ ਹੋਇਆ ਅਤੇ ਥਾਂ ਥਾਂ ਉਤੇ ਸਿੰਘਾਂ ਦੇ ਦਰਸ਼ਨ ਦਿਦਾਰੇ ਕਰਨ ਅਤੇ ਉਨ੍ਹਾਂ ਦੇ ਗੁਰਮਤਿ ਸਬੰਧੀ ਸ਼ੁਭ ਵਿਚਾਰਾਂ ਤੋਂ ਜਾਣੂ ਹੋਣ ਦਾ ਸੁਭਾਗ ਵੀ ਪ੍ਰਾਪਤ ਹੋਇਆ। ਸਭ ਥਾਈਂ ਸਿੰਘਾਂ ਵਿਚ ਕਮਾਲ ਦਾ ਜਜ਼ਬਾ, ਉਤਸ਼ਾਹ ਅਤੇ ਪਿਆਰ ਨਜ਼ਰ ਆਇਆ। ਭਾਵੇਂ ਕੋਈ ਸਿੰਘ ਪਟਿਆਲੇ ਬੈਠਾ ਵੇਖਿਆ ਜਾਂ ਬੰਬਈ ਵਿਖੇ ਮਿਲਿਆ ਅਤੇ ਭਾਵੇਂ ਉਹਨਾਂ ਨਾਲ ਜਾਣ ਪਹਿਚਾਨ ਵੀ ਨਹੀਂ ਸੀ। ਪ੍ਰੰਤੂ ਫਿਰ ਵੀ ਉਨ੍ਹਾਂ ਗਲਵਕੜੀ ਵਿਚ ਲੈ ਲਿਆ ਅਪਣਾ ਸਾਰਾ ਪਿਆਰ ਅਤੇ ਸਤਿਕਾਰ ਦਿਤਾ। ਇਹ ਪ੍ਰਤਖ ਹੋ ਗਿਆ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਵਲੋਂ ਪਾਈ ਗਈ ਮਹਾਨ ਲੀਹ ਨੂੰ ਸਿੰਘਾਂ ਨੇ ਪੂਰੀ ਤਰਾਂ ਅਪਣਾਇਆ ਅਤੇ ਕਾਇਮ ਰਖਿਆ ਹੈ। ਜਥੇ ਦੇ ਸਿੰਘ ਦਾ ਮਿਲਵਰਤਨ ਅਤੇ ਪ੍ਰਗਟ ਕੀਤਾ ਗਿਆ ਪਿਆਰ ਸਚਮੁਚ ਸਾਰੀ ਕੌਮ ਲਈ ਇਕ ਸ਼ਾਨਦਾਰ ਉਦਾਹਰਣ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਅੰਮ੍ਰਿਤ ਦੀ ਜ਼ਾਹਰੀ ਕਲਾ ਦਾ ਪ੍ਰਤੱਖ ਸਬੂਤ ਹੈ ਕਿ ਅੰਮ੍ਰਿਤਧਾਰੀ ਸਿੰਘ ਭਰਾ ਹੁੰਦੇ ਹਨ। ਅੰਮ੍ਰਿਤ ਛਕਕੇ ਉਨ੍ਹਾਂ ਦਾ ਅਟੁੱਟ ਰਿਸ਼ਤਾ ਬਝ ਜਾਂਦਾ ਹੈ ਅਤੇ ਹਰ ਦੁਖ ਸੁਖ ਦੇ ਸੱਚੇ ਭਾਈਵਾਲ ਬਣ ਜਾਂਦੇ ਹਨ। ਸਿੰਘ ਦਾ ਪਿਆਰ ਇਹ ਵੀ ਪ੍ਰਗਟ ਕਰਦਾ ਹੈ ਕਿ ਸਿਖ ਧਰਮ ਇਕ ਜਥੇਬੰਦਕ ਅਤੇ ਮਹਾਣ ਧਰਮ ਹੈ। ਸਿਖ ਇਕ ਸੇਵਾਦਾਰ ਹੈ ਉਸ ਵਿਚ ਤਿਆਗ ਅਤੇ ਕੁਰਬਾਨੀ ਦੀ ਭਾਵਨਾਂ ਹੈ।

ਦਿਲੀ ਵਿਖੇ ਡਾ. ਸੋਹਣ ਸਿੰਘ. ਜਸਵਤ ਸਿੰਘ ਜੀ ਦੇ ਦਰਸ਼ਨ, ਆਗਰੇ ਵਿਖੇ ਭਾਈ ਤਾਰਾ ਸਿੰਘ ਜੀ ਦੇ ਸਰਬ ਲੋਹੀ ਖਾਣੇ. ਵੀਰ ਸਤਿੰਦਰ ਸਿੰਘ ਦੇ ਰਸਭਿੰਨੇ ਕੀਰਤਨ ਬੜੌਦੇ ਵਿਖੇ ਭਾਈ ਅਮਰੀਕ ਸਿੰਘ ਜੀ ਵਲੋਂ ਮਿਲੇ ਗੁਰਮਤਿ ਸਬੰਧੀ ਸੁੱਚਜੇ ਵਿਚਾਰ, ਸੁਝਾਓ ਬੰਬਈ ਵਿਖੇ ਭਾਈ ਕਿਹਰਜੀਤ ਸਿੰਘ ਜੀ ਅਤੇ ਸਿੰਘਾਂ ਦੇ ਕੀਰਤਨ, ਵੀਰ ਜਸਵੰਤ ਸਿੰਘ, ਮਨਜੀਤ ਸਿੰਘ ਵਲੋਂ ਮਿਲਿਆ ਪਿਆਰ, ਪੂਨੇ ਵਿਖੇ ਪ੍ਰੋ: ਬੇਅੰਤ ਸਿੰਘ ਜੀ ਦਾ ਪਿਆਰ ਭਰਿਆ ਉਤਸ਼ਾਹ, ਕਾਨਪੁਰ ਵਿਖੇ ਸਿੰਘਾਂ ਦੇ ਦਰਸ਼ਨ ਦਿਦਾਰੇ, ਝਾਂਸੀ ਵਿਖੇ ਭਾਈ ਇੰਦਰ ਸਿੰਘ ਜੀ ਤੋਂ ਮਿਲੀਆਂ ਬਾਪੂ ਜੀ ਦੇ ਜੀਵਨ ਦੀਆਂ ਝਲਕੀਆਂ, ਹਰਦਵਾਰ ਵਿਖੇ ਭਾਈ ਮਹਿੰਦਰ ਸਿੰਘ ਜੀ ਦੇ ਕੀਰਤਨ ਜੀਵਨ, ਇਤਿਹਾਸ ਦੇ ਅਟੁੱਟ ਅੰਗ ਬਣ ਚੁਕੇ ਹਨ। ਇਨ੍ਹਾਂ ਸਭ ਥਾਈਂ ਸਿੰਘਾਂ ਦੇ ਦਰਸ਼ਨ ਕਰਕੇ ਉਨ੍ਹਾਂ ਦੇ ਜੀਵਨ ਵੇਖਕੇ, ਉਨ੍ਹਾਂ ਦੇ ਵਿਚਾਰ ਜਾਣਕੇ ਇਹ ਪ੍ਰਤੱਖ ਜਾਪਿਆ ਕਿ ਸਿਖ ਕੌਮ ਦੀ ਸੰਭਾਲ ਜੇ ਕਿਸੇ ਕੀਤੀ ਹੈ ਤਾਂ ਉਹ ਸਿੰਘਾਂ ਨੇ ਹੀ। ਸਿਖ ਕੌਮ ਦੇ ਭਵਿਖ ਨੂੰ ਉਜਲਾ ਕਰਨ ਯੋਗ ਸਿੰਘ ਹੀ ਹੋ ਸਕਣਗੇ। ਸਿਖੀ ਨੂੰ ਲਗ ਰਹੀ ਢਾਹ ਨੂੰ ਠਲ ਪਾਉਣ ਲਈ ਸੁੱਚਜੇ ਜੀਵਣ ਵਾਲੇ ਸਿੰਘਾਂ ਦੇ ਯਤਨ ਹੀ ਪ੍ਰਭਾਵ ਪੂਰਤ ਹੋ ਸਕਣਗੇ।

ਸਿਖੀ ਦੇ ਸ਼ਾਨਦਾਰ ਵਿਰਸੇ ਨੂੰ ਸਾਂਭਣ ਵਾਲੇ, ਸ਼ਾਨਦਾਰ ਰਾਵਾਇਤਾਂ ਨੂੰ ਕਾਇਮ ਰਖਣ ਵਾਲੇ ਸਿੰਘਾਂ ਦੇ ਪਿਆਰ ਸਤਿਕਾਰ ਨੂੰ ਯਾਦ ਕੀਤਿਆਂ ਇਹੋ ਅਵਾਜ਼ ਬੁਲੰਦ ਹੁੰਦੀ ਹੈ ਧੰਨ ਸਿੰਘੋ ਤੁਹਾਡਾ ਪਿਆਰ ਓਮਾਹਾ

ਦਾਸ ਜਗਜੀਤ ਸਿੰਘ, ਹਰਵਿੰਦਰ ਸਿੰਘ ਪਟਿਆਲਾ

ਬੇਨਤੀ ਹੈ ਕਿ ਦਾਸ ਨੂੰ ਪਿਛਲੇ ਮਹੀਨੇ ਬਿਹਾਰ ਦੇ ਕੁਝ ਸ਼ਹਿਰਾਂ ਵਿਖੇ ਜਾਣ ਦਾ ਮੌਕਾ ਮਿਲਿਆ ਤੇ ਉਥੇ ਹੇਠ ਲਿਖੇ ਪੂਜਾ ਦੇ ਢੰਗ ਵੇਖਣ ਚ ਆਏ 1 ਗਯਾ ਦੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਤਹਾਸਕ ਗੁਰੂਦੁਆਰੇ ਵਿਖੇ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਏ ਉਸ ਲਾਗੇ ਹੀ ਸ਼ਿਵ ਲਿੰਗ ਰਖਿਆ ਹੋਇਆ ਹੈ ਬਾਬਾ ਸ੍ਰੀ ਚੰਦ ਦੀ ਮੂਰਤੀ ਰੱਖੀ ਏ ਤੇ ਸ਼ਿਵਜੀ ਆਦਿ ਦੀਆਂ ਛੋਟੇ ਵੀ *


www.AKJ.Org

# ਸਿੱਖਾਂ ਦਾ ਮਨ ਨੀਵਾਂ ਮਤ ਉਚੀ ਪਤ ਕਾ ਰਾਖਾ ਅਕਾਲ ਪੁਰਖਵਾਹਿਗੁਰੂ

( ਭਾਈ ਦੇਵਾ ਸਿੰਘ ਕਿਰਤੀ ਅੰਮ੍ਰਿਤਸਰ )

ਭਾਵੇਂ ਸਾਰੀ ਅਰਦਾਸ ਹੀ ਅਗੰਮੀ ਭਾਵ ਨਾਲ ਭਰੀ ਹੈ ਪਰ ਇਸ ਮੰਗ ਵਿਚ ਜੋ ਸਵਾਦ ਤੇ ਰਸ ਹੈ ਉਸਦੀ ਵਿਚਾਰ ਦੀ ਅਤਿ ਲੋੜ ਹੈ। ਮਨ ਕੀ ਹੈ ? ਇਸ ਦੇ ਕਈ ਸਰੂਪ ਧਾਰਮਕ ਗਰੰਥਾਂ ਵਿਚ ਦਰਸਾਏ ਹਨ ਪਰ ਗੁਰਬਾਣੀ ਨੇ "ਮਨ ਤੂ ਜੋਤ ਸਰੂਪ ਹੈ ਆਪਣਾ ਮੂਲ ਪਛਾਨ" ਇਕ ਰੋਸ਼ਨ ਜੋਤ, ਇਕ ਜਾਗਤ ਜੋਤ ਦਾ ਰੂਪ ਹੀ ਦਸਿਆ ਹੈ। ਰੋਸ਼ਨੀ ਸਵੱਛ ਸਫ਼ੇਦ ਹੈ ਪਰ ਅਗੇ ਸੰਗਤ ਕੁਸੰਗਤ ਦੀਆਂ ਚਿਮਨੀਆਂ ਸ਼ੀਸ਼ੇ ਵਿਚ ਵਖੋ ਵਖ ਰੰਗ ਦਿਸਦੇ ਹਨ! ਓਹੀ ਮਨ ਸਾਧ ਸੰਗਤ ਦਾ ਆਸ਼ਕ ਤੇ ਓਹੀ ਮਨ ਕੁਸੰਗਤ ਵਿਚ ਪੈ ਕੇ ਭਾਂਤ ਭਾਂਤ ਦੇ ਉਪੱਦਰਾਂ ਦਾ ਕਾਰਨ ਬਣ ਜਾਂਦਾ ਹੈ। ਦੂਸਰਾ ਰੂਪ ਫਰੀਦ ਜੀ ਨੇ "ਫਰੀਦਾ ਮਨ ਮੈਦਾਨ ਕਰ ਟੋਏ ਟਿਬੇ ਢਾਹ" ਅਰਥਾਤ ਇਕ ਸਾਫ ਸੁਥਰਾ ਮੈਦਾਨ ਬਨਾਣ ਦਾ ਆਖਿਆ ਹੈ। ਕੋਈ ਟੋਇਆ ਟਿਬਾ ਨਾ ਹੋਵੇ ਤੇ ਮਨੁਖ ਖੁਲ੍ਹੀ ਹਵਾ ਵਿਚ ਸੁਖ ਮਾਣ ਸਕੇ, ਨਹੀਂ ਤੇ ਟੋਇਆਂ ਵਿਚ ਡਿਗਣਾ, ਟਿਬਿਆਂ ਤੇ ਚੜ੍ਹਨਾ ਦੋਵੇਂ ਹੀ ਦੁਖ ਦਾ ਕਾਰਨ ਹਨ ਸਗੋਂ ਉਚੇ ਟਿਬੇ ਉਤੇ ਪਾਣੀ ਹੀ ਨਹੀਂ ਖਲੋਂਦਾ "ਫਰੀਦਾ ਗਰਬ ਜਿਨ੍ਹਾਂ ਵਡਿਆਈਆਂ ਖਾਲੀ ਚਲੇ ਧਨੀ ਸਿਉ ਟਿਬੇ ਜਿਉ ਮੀਂਹ ਆਹਾ" ਉਚੇ ਟਿਬੇ ਕੇਡੇ ਦੁਖਦਾਈ ਹਨ।

ਮਾਇਆ ਬੜੀ ਚੰਗੀ ਚੀਜ਼ ਹੈ। ਜਿਸ ਗ੍ਰਿਹਸਤੀ ਕੋਲ ਪੈਸਾ ਨਹੀਂ ਉਸਦਾ ਕੌਡੀ ਮੁਲ ਨਹੀਂ। ਸੰਸਾਰ ਵਿਚ ਕੋਈ ਆਦਰ ਮਾਣ ਨਹੀਂ। ਵਾਹਿਗੁਰੂ ਕਿਸੇ ਨੂੰ ਮੁਥਾਜ ਨਾ ਕਰੇ ਰੋਟੀ ਤੋਂ। ਪਰ ਜੇ ਕਰ ਮਾਇਆ ਵਧ ਜਾਏ ਤੇ ਮਨ ਹੰਕਾਰ ਦੇ ਟਿਬੇ ਉਤੇ ਬੈਠਾ ਕੀ ਕੀ ਉਪੱਦਰ ਨਹੀਂ ਕਰ ਦੇਂਦਾ ਤੇ ਨਹੀਂ ਸੁਣਦਾ ਰੱਬੀ ਹੁਕਮ ਵੀ। ਨਹੀਂ ਮੰਨਦਾ ਗਲ ਗੁਰੂ ਜੀ ਦੀ ਵੀ ਸਗੋਂ ਸੱਖਣਾ ਰਹਿ ਜਾਂਦਾ ਹੈ ਭਾਵੇਂ ਛਹਿਬਰ ਲਗੀ ਹੋਵੇ ਗੁਰਬਾਣੀ ਦੇ ਪਾਣੀ ਦੀ ਕਿਉਂਕਿ ਟਿਬਾ ਉਚਾ ਹੈ। ਵਾਹਿਗੁਰੂ ਜੀ ਜਿਸਨੂੰ ਕਿਰਪਾ ਕਰਨ ਮਨ ਨੀਵਾਂ ਹੋ ਕੇ ਅਰਦਾਸ ਕਰੇ, ਮਤ ਉਚੀ ਹੋ ਜਾਵੇ, ਫੇਰ ਓਸ ਮਤ ਤੇ ਪਤ ਦਾ ਰਾਖਾ ਬਣ ਜਾਏ ਜਿਸ ਅਗੇ ਅਰਦਾਸ ਕੀਤੀ ਹੈ ਇਸ ਮਨ ਨੇ ਨੀਵਾਂ ਹੋ ਕੇ, ਤੇ ਫੇਰ ਭਾਗ ਜਾਗ ਪੇਣ, ਕੀਰਤਨ ਦੀਆਂ ਘਟਾਂ ਵਸ ਜਾਣ ਇਸ ਸੁਕੇ ਸੜੇ ਹਿਰਦੇ ਉਤੇ। ਤੇ ਫਰ ਓਹੀ ਜਾਣ ਸਕਦਾ ਹੈ ਇਸ ਖੁਸ਼ੀ ਤੇ ਸਵਾਦ ਨੂੰ, ਤੇ ਗਾਉਂਦਾ ਫਿਰੇ ਮਸਤੀ ਵਿਚ ਓਹਨਾਂ ਦੇ ਉਪਕਾਰ ਯਾਦ ਕਰ ਕਰ ਕੇ "ਜਿਨਾ ਦਸੰਦਿਆ ਦੁਰਮਤ ਵਞੈ" ਤੇ ਨਾ ਭੁਲਣ ਓਹ ਬਖਸ਼ੀਆਂ ਹੋਈਆਂ ਰੂਹਾਂ ਜਿਨ੍ਹਾਂ ਦੇ ਸਦਕਾ ਮਿਲ ਗਈ ਸੂ ਸੰਗਤ ਤੇ ਕਟ ਗਈ ਏ ਜਨਮ ਜਨਮਾਂ ਦੇ ਗੇੜ ਨੂੰ।

"ਜਨ ਪਰ ਉਪਕਾਰੀ ਆਏ ਜੀਅ ਦਾਨ ਦੇ ਭਗਤੀ ਲਾਇਨ ਹਰਿ ਸਿਉ ਲੈਨ ਮਿਲਾਏ"

---

* ਰਖੀਆਂ ਹੋਈਆਂ ਹਨ, ਜਿਨ੍ਹਾਂ ਤੇ ਹਾਰ ਅਤੇ ਚੜ੍ਹਾਵਾ ਆਦਿ ਵੀ ਚੜ੍ਹਾਇਆ ਜਾਂਦਾ ਹੈ, ਤੇ ਪੂਜਾ ਵੀ ਕੀਤੀ ਜਾਂਦੀ ਹੈ। 2. ਇਸੇ ਤਰਾਂ ਸਾਸਾ ਰਾਮ ਤੇ ਡਹਰੀ ਉਨਸੋਨ ਵਿਖੇ ਭੀ ਵਖਿਆ ਗਿਆ ਏ ਉਥੇ ਗੁਰਦੁਆਰੇ ਵਿਚ ਉਪਰੋਕਤ ਢੰਗ ਨਾਲ ਹੀ ਪੂਜਾ ਹੁੰਦੀ ਏ ਲੋਕਾਂ ਤੇ ਉਦਾਸੀ ਮੱਤ ਦੀ ਛਾਪ ਬਹੁਤੀ ਏ ਤੇ ਗੁਰਮਤ ਦੀ ਘਟ। ਕਿਉਂਕਿ ਏਹਨਾਂ ਗੁਰ ਦੁਆਰਿਆਂ ਤੇ ਉਦਾਸੀਆਂ ਦਾ ਹੀ ਕਬਜ਼ਾ ਹੈ। ਇਸਦਾ ਕਾਰਨ ਪ੍ਰਚਾਰ ਦੀ ਕੰਮੀ ਹੀ ਹੈ। ਮਹਸੂਸ ਕੀਤਾ ਗਿਆ ਏ ਹੋ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਇਹ ਗੁਰਦੁਆਰੇ ਮੰਦਰ ਹੀ ਬਣ ਜਾਣ ਗੇ।

ਬਿਹਾਰ ਦੀ ਜੰਤਾ ਗੁਰਸਿਖੀ ਵਿੱਚ ਤਾਂ ਸ਼ਰਧਾ ਬਹੁਤ ਰਖੀਦੀ ਏ ਪਰ ਉਹਨਾਂ ਨੂੰ ਗੁਰਮੱਤ ਅਸੂਲਾਂ ਦਾ ਪਤਾ ਹੀ ਨਹੀਂ ਉਹ ਸਮਝਦੇ ਹਨ ਕਿ ਜੋ ਕੁਛ ਹੋ ਰਿਹਾ ਹੈ ਠੀਕ ਹੀ ਹੋ ਰਿਹਾ ਹੈ।

ਕੀ ਸਿਖ ਮਿਸ਼ਨਰੀ ਤੇ ਸ਼ਰੋਮਣੀ ਕਮੇਟੀਆਂ ਇਸ ਊਨਤਾਈ ਵਲ ਧਿਆਨ ਦੇਣਗੀਆਂ ਤੇ ਯੋਗ ਪ੍ਰਬੰਧ ਦਾ ਪ੍ਰਚਾਰ ਕਰਨਗੀਆਂ ਅਤੇ ਯੂ, ਪੀ ਦੀ ਤਰਾਂ ਬਿਹਾਰ ਵਿਚ ਕੋਈ ਮਿਸ਼ਨ ਦਾ ਸੈਂਟਰ ਖੋਲਣਗੀਆਂ ਅਤੇ ਉਹ ਵੀ ਸ਼ੀਘਰ ਹੀ ਉਪਰਾਲਾ ਕਰਨਗੀਆਂ ?

ਧੰਨਵਾਦ ਸਹਿਤ—ਗਿਆਨੀ ਅਵਤਾਰ ਸਿੰਘ ਮੁਗਲ ਸਰਾਏ

www.AKJ.Org

**ਰਿਸ਼ਤੇ ਨਾਤੇ:–** (1) ਇਕ ਸਿੰਘ ਜਿਸ ਦੀ ਉਮਰ 27 ਸਾਲ ਹੈ ਅਤੇ ਦਿਲੀ ਵਿਚ D.T.U. ਵਿੱਚ ਅਸਿਸਟਿੰਟ ਸਟੋਰ ਕੀਪਰ, ਤੇ ਤਨਖਾਹ 300 ਰੁਪਏ ਪਾਂਦਾ ਹੈ, ਲਈ ਇਕ ਤਿਆਰ ਬਰ ਸਿੰਘਣੀ ਦੀ ਲੋੜ ਹੈ। ਹੋਰ ਇਸ ਬਾਰੇ ਗਲਬਾਤ ਹੇਠ ਲਿਖੇ ਪਤੇ ਤੇ ਕਰੋ।

ਮਿਲਖਾ ਸਿੰਘ/ਮਾਰਫਤ ਸਰਦਾਰ ਸਿੰਘ, ਐਚ-17 ਕਾਲਕਾ ਜੀ, ਨਿਊ ਦਿਲੀ-15

(2) ਇਕ ਸਿਘ ਉਮਰ 29 ਸਾਲ ਕੱਦ 5 ਫੁਟ 10 ਇੰਚ ਘਰ ਦੀ ਜ਼ਮੀਨ ਵੀ ਹੈ। ਕੰਮ ਮੋਲਡਰ ਤਨਖਾਹ 225 ਰੁਪਏ ਹੈ, ਲਈ ਇਕ ਤਿਆਰ-ਬਰ ਤਿਆਰ ਸਿੰਘਣੀ ਦੀ ਲੋੜ ਹੈ ਵਧੇਰੇ ਜਾਨਕਾਰੀ ਲਈ ਹੇਠ ਪਤੇ ਤੇ ਲਿਖੋ ਜਾਂ ਮਿਲੋ।

ਕੁੰਦਨ ਸਿੰਘ ਕਰੋਟੀ ਸਪੁਤਰ ਰਾਜ ਸਿੰਘ
ਜ਼ਿਲਾ ਹੋਸ਼ਿਆਰਪੁਰ (ਡਾਕਖਾਨਾ ਉੜਮੁੜ ਟਾਂਡਾ ਪਿੰਡ ਗਹੋਤ

(3) ਇਕ ਸਿਘ ਜਿਸ ਦੀ ਉਮਰ ਤਕਰੀਬਨ 25 ਸਾਲ ਹੈ ਕਾਰੋਬਾਰ ਅਪਣਾ ਚੰਗਾ ਚਲ ਰਿਹਾ ਹੈ। ਲਈ ਇਕ ਤਿਆਰ ਬਰਤਿਆਰ ਸਿੰਘਣੀ ਦੀ ਲੋੜ ਹੈ, ਲੋੜ ਵੰਦ ਵੀਰ ਹੇਠ ਲਿਖੇ ਪਤੇ ਤੇ ਲਿਖਣ।

ਮੈਨੇਜਰ 'ਸੂਰਾ' ਪਟਿਆਲਾ

---

## ਦਾਨੀ ਸਜਨਾਂ ਵਲੋਂ ਮਾਇਕ ਸਹਾਇਤਾ

| | | |
|---|---|---|
| (1) | ਇਕ ਗੁਰਮੁਖ ਪਿਆਰਾ | 2 ਰੁਪੈ |
| (2) | ਗੁਪਤ | 10 ,, |
| (3) | ਭਾ: ਜਗਨੰਦਨ ਸਿੰਘ ਅੰਬਾਲਾ ਕੈਂਟ | 5 ,, |
| (4) | ਗੁਰਪੁਰਵਾਸੀ ਸੰਤਪਾਲ ਸਿੰਘ ਦਾ ਪਰਵਾਰ ਨਿਉ ਪੰਜਾਬ ਮੋਟਰ ਸਟੋਰ ਚਾਲੀਸ ਗਾਉ | 50 ,, |
| (5) | ਭਾ: ਨਿਰਮਲ ਸਿੰਘ ਜੀ 56 ਏ ਪੀ ਓ | 7 ,, |
| (6) | ਇਕ ਸਿੰਘ | 5 ,, |
| (7) | ਡਾ: ਗੁਰਮੁਖ ਸਿੰਘ ਜੀ ਘਨੌਰ | 5 ,, |
| (8) | ਗੁਪਤ | 51 ,, |
| (9) | ਨਰਿੰਜਨ ਸਿੰਘ ਕਲਿਆਨ ਸੁਖਾ | 4 ,, |
| (10) | ਅਬਨਾਸ਼ੀ ਸਿੰਘ ਨਿਹਾਲ ਸਿੰਘ (ਬੰਗਲੌਰ) | 5 ,, |

---


## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜੀਵਨ ਸੰਬੰਧੀ

ਭਾਈ ਸਾਹਿਬ ਭਾ: ਸੁਰਜਨ ਸਿੰਘ ਜੀ ਦੀ ਰਚਿਤ-ਪੁਸਤਕ

# ਜੀਵਨ ਬ੍ਰਿਤਾਂਤ ਛਪਣੀ ਸ਼ੁਰੂ

ਪਾਠਕਾਂ ਨੂੰ ਜਾਣਕੇ ਅਤੀ ਪ੍ਰਸੰਨਤਾ ਹੋਵੇਗੀ ਕਿ ਉਕਤ ਪੁਸਤਕ ਪ੍ਰੈਸ ਵਿਚ ਛਪਣੀ ਸ਼ੁਰੂ ਹੋ ਗਈ ਹੈ, ਤੇ ਛੇਤੀ ਹੀ ਛਪਕੇ ਤਿਆਰ ਹੋ ਜਾਵੇਗੀ, ਪਰੇਮੀ-ਜਨ ਇਸ ਅਦੁੱਤੀ ਸੁਗਾਤ ਤੋਂ ਲਾਭ ਪ੍ਰਾਪਤ ਕਰਨ ਲਈ ਆਪਣੇ ਆਰਡਰ ਸ਼ੀਘਰ ਹੀ ਹੇਠ ਲਿਖੇ ਪਤੇ ਤੇ ਭੇਜ ਦੇਣ ਇਸ ਪੁਸਤਕ ਦੀ ਭੇਟਾ 50 ਪੈਸੇ ਪ੍ਰਤੀ ਕਾਪੀ ਹੋਵੇਗੀ, ਅਤੇ ਪ੍ਰਚਾਰ ਹਿੱਤ ਵੰਡਣ ਲਈ 40 ਰੁਪੈ ਸੈਂਕੜਾ ਹੋਵੇਗੀ।

ਦਾਸ—ਮੈਨੇਜਰ 'ਸੂਰਾ' ਪੁਸਤਕ ਭੰਡਾਰ, ਰਾਘੋਮਾਜਰਾ, ਪਟਿਆਲਾ


www.AKJ.Org

'SURA' Monthly 5 APRIL 1969 Regd. P. No. 61

# {ਸਿਖ ਧਰਮ ਦੇ ਮੁਖ ਨਿਯਮ}

੧. ਧਰਮ ਦੀ ਕਿਰਤ ਕਰੋ।

੨. ਵੰਡ ਕੇ ਛਕੋ। ੩. ਨਾਮ ਜਪੋ।

੪. ਸਾਬਤ ਸੂਰਤ ਰਹੋ।

੫. ਸਿਗਰਟ ਤੰਬਾਕੂ ਤੇ ਹੋਰ ਨਸ਼ੇ ਨਾ ਵਰਤੋ।

੬. ਮਾਸ ਨਾ ਖਾਓ।

੭. ਪਰਾਈ ਇਸਤਰੀ ਨੂੰ ਮਾਂ, ਭੈਣ ਸਮਝੋ।

੮. ਖੰਡੇ ਦੀ ਪਾਹੁਲ ਛਕੋ।

੯. ਅੰਮ੍ਰਿਤਵੇਲੇ ਇਸ਼ਨਾਨ ਕਰਕੇ ਪੰਜ ਬਾਣੀਆਂ ਜਪੁਜੀ, ਜਾਪੁ, ਸਵੱਯੇ, ਚੌਪਈ ਤੇ ਅਨੰਦ ਸਾਹਿਬ ਦਾ ਪਾਠ ਨਿਤਨੇਮ ਕਰੋ।

੧੦. ਪੰਜ ਕਕਾਰੀ ਰਹਿਤ ਧਾਰਨ ਕਰੋ।

ਕੱਛ, ਕੜਾ, ਕਿਰਪਾਨ, ਕੰਘਾ, ਕੇਸਕੀ।

ਪੰਜ ਕਕਾਰੀ ਰਹਿਤ ਧਾਰੇ ਸਿੰਘ ਸੋਈ।

www.AKJ.Org